ਹਿਤ ਸਰੋਤ

ਅਪ੍ਰੈਲ 2005

ਮਨੁੱਖ ਦੇ ਆਤਮਾ ਦੇ ਗਠਨ ਪ੍ਰਾਪਤ ਰੂਪ ਅਤੇ ਉਸਦੇ ਰੋਗਾਂ, ਉਸਦੇ ਪਤਨ ਅਤੇ ਵਿਨਾਸ਼, ਉਸ ਪਤਨ ਤੋਂ ਉਸਦੀ ਮੋਖਸ਼ ਅਤੇ ਉਸ ਵਿੱਚ ਉੱਚ ਜੀਵਨ ਦੇ ਵਿਕਾਸ ਦੇ ਵਿਸ਼ੇ ਵਿੱਚ ਜੋ ਸਤਿ ਗਿਆਨ ਹੈ, ਉਹੀ ਅਤੇ ਕੇਵਲ ਉਹੀ ਗਿਆਨ ਧਰਮ ਵਿਸ਼ੇਕ ਸਤਿ ਗਿਆਨ ਹੈ ਅਤੇ ਇਸ ਸਤਿ ਗਿਆਨ ਨੂੰ ਛੱਡ ਕੇ ਇਕ ਜਾਂ ਦੂਜੇ ਕਿਸੇ ਝੂਠੇ ਦੇਵਤਾ ਉਸਦੀ ਕਿਸੇ ਝੂਠੀ ਉਸਤਤ, ਉਸ ਨੂੰ ਕਿਸੇ ਝੂਠੀ ਪ੍ਰਾਰਥਨਾ, ਉਸਦੇ ਸਬੰਧ ਵਿੱਚ ਕਿਸੇ ਮੰਤਰ ਜਾਂ ਉਸਦੇ ਨਾਮ ਆਦਿ ਦਾ ਜਾਪ, ... ਇਨ੍ਹਾਂ ਵਿਚੋਂ ਕੋਈ ਵਿਸ਼ਵਾਸ ਜਾਂ ਮਤ ਧਰਮ ਵਿਸ਼ੇਕ ਸਤਿ ਗਿਆਨ ਨਹੀਂ।

— ਦੇਵ ਆਤਮਾ

ਬਰਸੀ ਤੇ ਮਾਤਾ ਪਿਤਾ ਦਿਵਸ

ਵਿਸ਼ੇਸ਼ ਸਨਮਾਨ ਦੇ ਯੋਗ ਡਾਕਟਰ ਇਕਬਾਲ ਸਿੰਘ ਜੀ ਦੇ ਸੰਬੰਧ ਵਿੱਚ ਬਰਸੀ ਦੀ ਸਭਾ ਉਨ੍ਹਾਂ ਦੇ ਪਰਿਵਾਰਿਕ ਜਨਾਂ ਨੇ ਮਾਤਾ ਪਿਤਾ ਦਿਵਸ ਦੇ ਰੂਪ ਵਿੱਚ ਮਨਾਈ। 20 ਜਨਵਰੀ ਨੂੰ ਉਨ੍ਹਾਂ ਦੇ ਘਰ ਵਿੱਚ ਹੀ ਇਹ ਪ੍ਰੋਗਰਾਮ ਰੱਖਿਆ ਗਿਆ। ਉਸ ਵਿੱਚ ਉਨ੍ਹਾਂ ਦੇ ਸਭ ਬੱਚੇ ਤੇ ਹੋਰ ਨਜ਼ਦੀਕੀ ਪਰਿਵਾਰਿਕ ਜਨ ਸ਼ਾਮਿਲ ਹੋਏ। ਉਨ੍ਹਾਂ ਦੀ ਇੱਕ ਬੇਟੀ ਅਤੇ ਨਾਤੀ ਕੈਨੇਡਾ ਤੋਂ ਭੀ ਆਈ ਹੋਈ ਸੀ।

ਇਸ ਸਭਾ ਲਈ ਇੱਕ ਹਾਲ ਕਮਰੇ ਨੂੰ ਵਿਛਾਈ ਆਦੀ ਦੁਆਰਾ ਸਜਾਇਆ ਗਿਆ। ਪਰਮ ਪੂਜਨੀਯ ਭਗਵਾਨ ਦੇਵਆਤਮਾ ਦੀ ਛਵੀ ਉੱਚੇ ਸਥਾਨ ਤੇ ਵਿਰਾਜਮਾਨ ਸੀ। ਨੀਚੇ ਡਾਕਟਰ ਸਾਹਿਬ ਦੀ ਸੁੰਦਰ ਫੋਟੋ ਰੱਖੀ ਗਈ। ਪਹਿਲਾਂ ਪਰਮ ਪੂਜਨੀਯ ਭਗਵਾਨ ਦੇਵਆਤਮਾ ਦੀ ਛਵੀ ਦਾ ਹਾਰ ਦੁਆਰਾ ਅਰਚਨ ਕੀਤਾ ਗਿਆ। ਫੇਰ ਡਾ. ਸਾਹਿਬ ਦੀ ਫੋਟੋ ਤੇ ਹਾਰ ਅਤੇ ਫੁੱਲ ਚੜ੍ਹਾਕੇ ਸਾਰੇ ਪਰਿਵਾਰਿਕ ਜਨਾਂ ਨੇ ਉਨ੍ਹਾਂ ਨੂੰ ਪ੍ਰਣਾਮ ਕੀਤਾ। 40–45 ਦੇ ਲਗਭਗ ਪਰਿਵਾਰਿਕ ਜਨ ਇਸ ਸਭਾ ਵਿੱਚ ਸ਼ਾਮਲ ਸਨ।

ਸਭ ਤੋਂ ਪਹਿਲਾ "ਸ਼ਰਧਾ ਭਾਜਨ ਮਾਤ ਪਿਤਾ ਜੀ" ਨਾਮਕ ਭਜਨ ਦਾ ਗਾਨ ਕੀਤਾ ਗਿਆ, ਫੇਰ "ਮਾਤਾ ਪਿਤਾ ਕੀ ਸੇਵਾ ਮਹਿਸੂਸ ਕਰ ਰਹੀ ਹੂੰ।" ਨਾਮਕ ਭਜਨ ਗਾਇਆ। ਇਹ ਭਜਨ ਉਨ੍ਹਾਂ ਦੀਆਂ ਬੇਟੀਆਂ ਨੇ ਮਿਲ ਕੇ ਗਾਏ।

ਫੇਰ ਸ੍ਰੀਮਾਨ ਬਲਦੇਵ ਸਿੰਘ ਜੀ ਨੇ ਫਰਮਾਇਆ ਕਿ ਮਨੁੱਖ ਆਪਣੇ ਵੱਡਿਆਂ, ਗੁਣਧਾਰੀਆਂ ਤੇ ਉਪਕਾਰੀਆਂ ਦੇ ਗੁਣਾਂ ਨੂੰ ਅਤੇ ਉਪਕਾਰਾਂ ਨੂੰ ਵੇਖਣ ਦੇ ਵਿਚਾਰ ਨਾਲ ਅਨ੍ਹਾਂ ਹੈ। ਉਹ ਕਿਸੇ ਦੇ ਦੁੱਖ ਨੂੰ ਕਸ਼ਟ ਨੂੰ ਭੀ ਅਨੁਭਵ ਨਹੀਂ ਕਰਦਾ ਇਸੇ ਕਾਰਣ ਸੰਬੰਧਾਂ ਵਿੱਚ ਨਰਕ ਹੈ, ਕਲੇਸ਼ ਹੈ। ਇਹ ਸਾਰਾ ਬਿਆਨ ਬਹੁਤ ਪ੍ਰਭਾਵਸ਼ਾਲੀ ਸੀ।

ਉਸ ਤੋਂ ਬਾਅਦ ਸ੍ਰੀਮਾਨ ਨਿਰਮਲ ਸਿੰਘ ਜੀ ਨੇ ਡਾਕਟਰ ਸਾਹਿਬ ਦੇ ਗੁਣਾਂ ਦਾ ਬਿਆਨ ਕੀਤਾ। ਉਨ੍ਹਾਂ ਦੀਆਂ ਸਮਾਜ ਪ੍ਰਤੀ ਅਣਥਕ ਮੇਹਨਤਾਂ ਦਾ ਬਿਆਨ ਕੀਤਾ।

ਫੇਰ ਡਾ. ਸਾਹਿਬ ਦੀ ਵੱਡੀ ਬੇਟੀ ਸੁਰਜੀਤ ਜੀ ਨੇ ਆਪਣੇ ਸੁਭਾਗ ਦਾ ਵਰਨਣ ਕੀਤਾ ਕਿ ਉਹ ਅਜਿਹੇ ਮਾਤਾ ਪਿਤਾ ਦੀ ਸੰਤਾਨ ਹਨ। ਸਭਾ ਵਿੱਚ ਬਹੁਤ ਸਾਰੇ ਬੱਚੇ ਭੀ ਸਨ। ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਦਾ ਕਿਨਾਂ ਸੁਭਾਗ ਹੈ। ਜੋ ਮਾਤਾ ਪਿਤਾ ਤੋਂ ਉਨ੍ਹਾਂ ਨੂੰ ਸੁੰਦਰ ਤੇ ਤੰਦਰੁਸਤ ਸਰੀਰ ਮਿਲੇ ਹਨ। ਮਾਤਾ ਪਿਤਾ ਉਨ੍ਹਾਂ ਚੰਗੀਆਂ ਸੁਖ ਸੁਵਿਧਾਵਾਂ ਦੇਣ ਲਈ ਅਤੇ ਉਨ੍ਹਾਂ ਨੂੰ ਚੰਗੇ ਸਕੂਲਾਂ ਵਿੱਚ ਪੜਾਉਣ ਲਈ ਸਵੇਰ ਤੋਂ ਰਾਤ ਤੱਕ ਸੰਘਰਸ਼ ਕਰਦੇ ਹਨ। ਪਰ ਕਹਿਣਾ ਨਾ ਮਨਕੇ, ਆਪਣੀ ਪੜ੍ਹਾਈ ਨ ਕਰਕੇ ਉਹ ਮਾਤਾ ਪਿਤਾ ਨੂੰ ਦੁੱਖ ਪਹੁੰਚਾਉਂਦੇ ਹਨ।

ਇਸ ਬਿਆਨ ਦਾ ਬੱਚਿਆਂ ਤੇ ਭੀ ਚੰਗਾ ਅਸਰ ਹੋਇਆ ਤੇ ਮਾਤਾ ਪਿਤਾ ਨੇ ਭੀ ਇਸ ਦੀ ਸ਼ਲਾਘਾ ਕੀਤੀ, ਤੇ ਇਸ ਪ੍ਰਕਾਰ ਦੇ ਪ੍ਰੋਗਰਾਮ ਰੱਖਣ ਲਈ ਪ੍ਰੇਰਣਾ ਕੀਤੀ।

ਇਸ ਤੋਂ ਬਾਅਦ ਉਨ੍ਹਾਂ ਦੇ ਵੱਡੇ ਬੇਟੇ ਸਰਲ ਗਿਲ ਨੇ ਤਰ ਅਖਾਂ ਨਾਲ ਆਪਣੇ ਮਾਤਾ ਪਿਤਾ ਦੇ ਉਪਕਾਰੀ ਰੂਪ ਨੂੰ ਦੱਸਿਆ ਕਿ ਕਿਸ ਪ੍ਰਕਾਰ ਉਹ ਉਨ੍ਹਾਂ ਤੇ ਭਰੋਸਾ, ਕਰਦੇ ਸਨ, ਸਭ ਕੁਝ ਉਨ੍ਹਾਂ ਦੇ ਹਵਾਲੇ ਕਰਕੇ ਆਪਣੇ ਲਈ ਕੁਝ ਨਹੀਂ ਰਖਿਆ। ਅਜਿਹੇ ਮਾਤਾ ਪਿਤਾ ਕਿਸੇ ਨੂੰ ਹੀ ਮਿਲਦੇ ਹਨ।

ਫੇਰ ਉਨ੍ਹਾਂ ਦੀ ਛੋਟੀ ਬੇਟੀ ਡਾ. ਸਤਿੰਦਰ ਢਿਲੋਂ ਨੇ ਦੇਵ ਸਮਾਜ ਤੇ ਪਿਤਾ ਜੀ ਦੀਆਂ ਮੇਹਰਬਾਨੀਆਂ ਦੱਸੀਆਂ ਕਿ ਕਿਸ ਪ੍ਰਕਾਰ ਭਲੇ ਕੰਮ ਕਰਨ ਲਈ ਉਹ ਉਨ੍ਹਾਂ ਨੂੰ ਪ੍ਰੇ ਰਦੇ ਰਹਿੰਦੇ ਸਨ।

ਫੇਰ ਡਾ. ਸਾਹਿਬ ਦੀ ਵੱਡੀ ਪੋਤੀ ਸ਼ਾਲੂ ਨੇ ਰੋ ਰੋ ਕੇ ਬਿਆਨ ਕੀਤਾ ਕਿ ਅਸੀਂ ਬੇਜੀ, ਪਿਤਾ ਜੀ ਦੇ ਸ਼ੁਕਰਗੁਜ਼ਾਰ ਹਾਂ ਕਿ ਜਿਨ੍ਹਾਂ ਨੇ ਸਾਨੂੰ ਅਜਿਹਾ ਚੰਗਾ ਪਰਿਵਾਰ ਦਿੱਤਾ ਹੈ। ਇਸ ਪਰਿਵਾਰ ਵਿੱਚ ਸਾਨੂੰ ਅਥਾਹ ਪਿਆਰ ਮਿਲਿਆ ਹੈ। ਚਾਚਾ ਜੀ ਤੇ ਪਾਪਾ ਜੀ, ਚਾਚੀ ਜੀ ਤੇ ਮਾਮਾ ਵਿੱਚ, ਸਾਨੂੰ ਕੋਈ ਫਰਕ ਨਹੀਂ ਲਗਦਾ। ਸਾਰੇ ਭੈਣ ਭਰਾ ਸਕਿਆਂ ਤੋਂ ਵੱਧ ਇੱਕ ਦੂਜੇ ਨੂੰ ਪਿਆਰ ਕਰਦੇ ਹਾਂ। ਇਹ ਸਭ ਸਾਡੇ ਬਜੁਰਗਾਂ ਦੀ ਹੀ ਮੇਹਰਬਾਨੀ ਹੈ।

ਇਹ ਸਾਰਾ ਪ੍ਰੋਗਰਾਮ ਬਹੁਤ ਪ੍ਰਭਾਵਦਾਇਕ ਰਿਹਾ ਤੇ ਆਖਿਰ ਵਿੱਚ ਸਭ ਨੂੰ ਬਹੁਤ ਚੰਗਾ ਭੋਜਨ ਕਰਵਾਇਆ ਗਿਆ।

(ਹਾਜਰੀਨ ਵਿਚੋਂ ਇੱਕ)

ਹਿਤ ਸਰੋਤ

ਖੰਡ–18 ਅਪ੍ਰੈਲ 2005 **ਸੰਪਾਦਕ :**

ਅੰਕ –4 ਸਲਾਨਾ ਚੰਦਾ 50 ਰੁਪਈਏ **ਬਲਦੇਵ ਸਿੰਘ**

ਦੇਵ–ਰੂਪ ਤੇ ਚਿੰਤਨ–12

ਆਤਮ ਰੋਗ ਦਰਸ਼ਾਤਾ

ਮਾਨਵ ਦਾ ਵਿਕਾਸ ਪਸ਼ੂਆਂ ਤੋਂ ਹੋਇਆ ਹੈ। ਇਸ ਦੀ ਬੁੱਧੀ ਦਾ ਵਿਕਾਸ ਹੌਲੀ ਹੌਲੀ ਹੋਇਆ ਹੈ, ਅਤੇ ਸਦਾ ਹੁੰਦਾ ਰਹੇਗਾ। ਮਾਨਵ ਨੂੰ ਪਹਿਲੋਂ ਆਪਣੇ ਸਰੀਰਕ ਰੋਗਾਂ ਦਾ ਵੀ ਕੋਈ ਪਤਾ ਨਹੀਂ ਸੀ। ਪਿਛਲੇ ਚੰਦ ਸੌ ਸਾਲਾਂ ਵਿੱਚ ਇਸ ਉਪਰ ਸਰੀਰਕ ਰੋਗਾਂ ਦੀ ਦੁਨੀਆਂ ਖੁੱਲ੍ਹੀ ਹੈ। ਉਨ੍ਹਾਂ ਦੇ ਇਲਾਜਾਂ ਦਾ ਪਸਾਰਾ ਬਹੁਤ ਹੋਇਆ ਹੈ ਅਤੇ ਹੁੰਦਾ ਜਾ ਰਿਹਾ ਹੈ। ਮਨੁੱਖ ਆਤਮਾ ਦੇ ਵੀ ਰੋਗ ਹੁੰਦੇ ਹਨ ਇਸ ਦਾ ਤਾਂ ਖਿਆਲ ਤੱਕ ਵੀ ਮਨੁੱਖ ਨੂੰ ਨਹੀਂ ਸੀ ਆਇਆ।

ਆਤਮਾ ਦੇ ਸਤਿ ਸਰੂਪ ਦੀ ਵੀ ਮਨੁੱਖ ਨੂੰ ਅਜੇ ਤੱਕ ਵੀ ਸਹੀ ਜਾਣਕਾਰੀ ਨਹੀਂ। ਉਹ ਉਸ ਨੂੰ ਬ੍ਰਹਮ ਦਾ ਰੂਪ ਹੀ ਸਮਝਦਾ ਆਇਆ ਹੈ। ਇਸ ਲਈ ਬ੍ਰਹਮ ਅੰਸ਼ ਹੋਣ ਦੇ ਨਾਤੇ ਉਸ ਨੂੰ ਰੋਗਾਂ ਦੇ ਲੱਗਣ ਦਾ ਸਵਾਲ ਹੀ ਨਹੀਂ ਉਠਿਆ। ਏਸੇ ਲਈ ਗੀਤਾ ਨੇ ਆਤਮਾ ਦਾ ਭਾਵੇਂ ਕੋਈ ਸਰੂਪ ਨਹੀਂ ਦਰਸਾਇਆ, ਐਪਰ ਇਹ ਜਰੂਰ ਲਿਖਿਆ ਹੈ, ਕਿ ਆਤਮਾ ਨੂੰ ਕੋਈ ਸ਼ਸਤਰ ਕੱਟ ਨਹੀਂ ਸਕਦਾ, ਅਗਨੀ ਜਲਾ ਨਹੀਂ ਸਕਦੀ, ਪਾਣੀ ਡੁੱਬੋ ਨਹੀਂ ਸਕਦਾ, ਅਤੇ ਹਵਾ ਉਸ ਨੂੰ ਸੁਖਾ ਨਹੀਂ ਸਕਦੀ। ਅਜਿਹੀ ਵਿਚਾਰ ਧਾਰਾ ਦੀ ਪ੍ਰਸਥਿਤੀ ਅੰਦਰ, ਆਤਮਾ ਦੇ ਰੋਗਾਂ ਬਾਰੇ ਖਿਆਲ ਦਾ ਜਾਣਾ ਅਸੰਭਵ ਹੀ ਸੀ।

ਪਰਮ ਪੂਜਨੀਕ ਭਗਵਾਨ ਦੇਵ ਆਤਮਾ ਵਿਕਾਸ ਕਰਮ ਦੀ ਅਦਭੁਤ ਦੇਣ ਹਨ। ਉਹ ਅਦਭੁਤ ਸ਼ਕਤੀਆਂ ਲੈ ਕੇ ਪੈਦਾ ਹੋਏ ਹਨ। ਉਹ ਅਦੁੱਤੀ ਯੋਗਤਾਵਾਂ ਕਸ਼ਮਤਾਵਾਂ ਅਤੇ ਅਦੁਤੀ ਜੋਤੀ ਦੇ ਸੁਆਮੀ ਹਨ। ਉਨ੍ਹਾਂ ਆਪਣੀ ਅਦੁੱਤੀ ਜੋਤੀ ਅੰਦਰ ਜਿੱਥੇ ਆਤਮਾ ਦੇ (ਮਨੁੱਖ ਦੀ ਜੀਵਨੀ ਸ਼ਕਤੀ) ਸਤਿ ਰੂਪ ਨੂੰ ਵੇਖਿਆ ਹੈ, ਉਥੇ ਉਸ ਦੇ ਰੋਗਾਂ ਨੂੰ ਵੀ ਸਪਸ਼ਟ ਵੇਖਿਆ ਹੈ, ਤੇ ਸੰਸਾਰ ਤੇ ਪਹਿਲੀ ਵੇਰ ਆਤਮਾ ਦੇ ਰੋਗਾਂ ਦੀ ਪੁਕਾਰ ਮਚਾਈ ਹੈ ਤੇ ਮਾਨਵ ਨੂੰ ਇਨ੍ਹਾਂ ਪ੍ਰਤੀ ਜਾਗ੍ਰਤ ਕਰਨ ਦਾ ਅਤੀ ਜੋਰ ਦਾਰ ਹੀਲਾ ਕੀਤਾ ਹੈ।

ਦੇਵ ਆਤਮਾ ਨੇ ਫਰਮਾਇਆ ਹੈ, ਕਿ ਮਨੁੱਖੀ ਸਰੀਰ ਵਾਂਗ, ਮਨੁਖੀ ਆਤਮਾ ਵੀ ਆਪਣੀ ਗਠਨ (ਬਨਾਵਟ, ਬਣ–ਤਰ) ਇਕ ਖਾਸ ਹਦ ਤਕ ਰਖਦਾ ਹੈ, ਅਤੇ ਜਿਵੇਂ ਸਰੀਰ ਨੂੰ ਰੋਗ ਲਗਦੇ ਹਨ, ਉਵੇਂ ਆਤਮਾ ਨੂੰ ਵੀ ਰੋਗ ਲਗਦੇਹਨ। ਜਿਵੇਂ ਰੋਗਾਂ ਦੁਆਰਾ ਸਰੀਰ ਦੀ ਹਾਨੀ ਹੁੰਦੀ ਹੈ, ਉਵੇ ਰੋਗਾਂ ਦੁਆਰਾ ਆਤਮਾ ਦੀ ਵੀ ਭਿਆਨਕ ਹਾਨੀ ਹੁੰਦੀ ਹੈ।

ਪਰਮ ਪੂਜਨੀਕ ਭਗਵਾਨ ਦੇਵ ਆਤਮਾ ਨੇ ਦਰਸਾਇਆ ਹੈ ਕਿ ਮਨੁੱਖ ਸੁਖ ਸਵਰੂਪ ਹੈ, ਸੁਖਾਂ ਦਾ ਅਨੁਰਾਗੀ ਹੈ, ਸੁਖਾਂ ਦਾ ਦਾਸ ਹੈ। ਮਨੁਖ ਲਈ ਸੁਖ ਪ੍ਰਾਇਣ ਹੋਣ ਕਾਰਨ ਹੀ ਪਾਪ ਪ੍ਰਾਇਣ ਤੇ ਝੂਠ ਪ੍ਰਾਇਣ ਹੋਣਾ ਪੈਂਦਾ ਹੈ। ਨਾਨਾਂ ਸੁੱਖ ਲਾਲਸਾਵਾਂ ਦੀ ਵਧੀ ਹੋਈ ਜੋਰਦਾਰ ਲਾਲਸਾ ਨੂੰ ਹੀ ਆਤਮ–ਰੋਗ ਕਹਿੰਦੇ ਹਨ। ਇਹ ਲਾਲਸਾਵਾਂ ਮਨੁਖ ਦੀਆਂ ਭਿਆਨਕ ਸ਼ਤਰੂ ਹਨ, ਮਨੁੱਖ ਦੇ ਭਿਆਨਕ ਨਾਸ਼ ਦੀਆਂ ਹੇਤੂ ਹਨ। ਇਨ੍ਹਾਂ ਤੋਂ ਵੱਡਾ ਉਸਦਾ ਹੋਰ ਕੋਈ ਭਿਆਨਕ ਸ਼ਤਰੂ ਨਹੀਂ।

ਦੇਵ ਆਤਮਾ ਨੇ ਦੇਖਿਆ ਹੈ ਕਿ ਸੁਖ

ਅਨੁਰਾਗੀ ਹੋਣ ਕਰਕੇ ਮਨੁੱਖ ਪ੍ਰਕਿਰਤ ਰੂਪ ਵਿੱਚ ਰੋਗੀ ਹੈ। ਸਰੀਰਕ ਪੱਖੋਂ ਕੋਈ ਕੋਈ ਮਨੁੱਖ ਭਾਵੇਂ ਰੋਗੀ ਨਹੀਂ, ਐਪਰ ਆਤਮਾ ਸਭ ਪਰਕਿਰਤ ਰੂਪ ਵਿੱਚ ਰੋਗੀ ਹਨ ਅਤੇ ਉਹ ਸਭ ਦੀਆਂ ਸਭ ਅਰਥਾਤ ਸਭ ਸੰਸਾਰ ਦੀਆਂ ਹੀ ਰੋਗੀ ਹਨ ਅਤੇ ਹਾਨੀ ਉਠਾ ਰਹੀਆਂ ਹਨ। ਦੁਖ ਤੇ ਨਾਸ਼ ਨੂੰ ਪ੍ਰਾਪਤ ਹੋ ਰਹੀਆਂ ਹਨ। ਇਹ ਅਦੁਤੀ ਸਚਾਈ ਅੱਜ ਤੱਕ ਮਾਨਵ ਤੋਂ ਛੁਪੀ ਰਹੀ। ਕਿਸੇ ਵੀ ਗੁਰੂ, ਪੀਰ ਪੈਗੰਬਰ ਜਾਂ ਨਬੀ ਆਦਿ ਨੇ, ਰੂਹਾਂ ਦੇ ਰੋਗਾਂ ਨੂੰ ਪਰਕ੍ਰਿਤ ਰੂਪ ਵਿੱਚ ਨਾ ਵੇਖਿਆ ਤੇ ਨਾ ਉਨ੍ਹਾਂ ਪ੍ਰਤੀ ਜਾਗ੍ਰਤੀ ਪੈਦਾ ਕਰਨ ਦਾ ਕੋਈ ਬੀੜਾ ਚੁੱਕਿਆ ਜਿਸ ਕਾਰਨ ਅੱਜ ਤੱਕ ਵੀ ਮਨੁੱਖ ਆਪਣੇ ਆਤਮਿਕ ਰੋਗਾਂ ਦੇ ਪ੍ਰਤੀ ਪੂਰੇ ਅੰਧਕਾਰ ਵਿੱਚ ਹੀ ਹੈ।

ਰੋਗ ਦਾ ਕੰਮ ਹੈ ਹਾਨੀ ਕਰਨਾ, ਦੁਖ ਦੇਣਾ, ਦੁਰਬਲ ਕਰਨਾ ਬਦਸੂਰਤ ਬਣਾਉਣਾ ਤੇ ਆਖਰ ਨਾਸ਼ ਜਾਂ ਨਸ਼ਟ ਕਰ ਦੇਣਾ। ਹਾਨੀ ਦੁੱਖ ਦਾ ਦੂਜਾ ਨਾਂ ਰੋਗ ਹੈ। ਮਨੁੱਖ ਦੀਆਂ ਵਧੀਆਂ ਸੁਖ ਲਾਲਸਾਵਾਂ, ਨੀਚ ਸੁਖਾਂ ਦੇ ਇਸ਼ਕ, ਸਭ ਆਤਮਿਕ ਰੋਗ ਹਨ। ਉਹ ਆਤਮਾ ਦੀ ਹਾਨੀ, ਭਾਵੇਂ ਉਹ ਸਥੂਲ ਅੱਖਾਂ ਤੋਂ ਅਦਿਖ ਹੈ, ਕਰ ਰਹੇ ਹਨ। ਦੇਵ ਆਤਮਾ ਨੇ ਆਪਣੀ ਨਿਰਾਲੀ ਰੋਸ਼ਨੀ ਵਿੱਚ ਇਨ੍ਹਾਂ ਭਿਆਨਕ ਰੋਗਾਂ ਪ੍ਰਤੀ ਮਨੁੱਖ ਨੂੰ ਜਾਗ੍ਰਤ ਕਰਨ ਲਈ ਜੋਰਦਾਰ ਪੁਕਾਰ ਮਚਾਈ ਹੈ, ਜੋ ਹੋਰ ਕੋਈ ਵੀ ਬਸ਼ਰ ਮਚਾ ਨਹੀਂ ਸਕਿਆ ਅਤੇ ਮਚਾ ਵੀ ਨਹੀਂ ਸੀ ਸਕਦਾ।

ਦੇਵ ਆਤਮਾ ਨੇ ਹੀ ਪਹਿਲੀ ਵੇਰ ਮਨੁਖ ਨੂੰ ਦਰਸਾਇਆ ਹੈ ਕਿ ਮਨੁੱਖੀ ਆਤਮਾ ਦੀ ਵੀ ਹਾਨੀ ਹੁੰਦੀ ਹੈ, ਉਸਦਾ ਵੀ ਪਤਨ ਹੁੰਦਾ ਹੈ। ਉਹ ਜਿਵੇਂ ਵੱਖੋ ਵੱਖਰੇ ਧਰਮ ਮਤਾਂ ਅਤੇ ਧਰਮ ਗਰੰਥਾਂ ਨੇ ਦੱਸਿਆ ਹੈ, ਨਿਰਲੇਪ ਬਿਲਕੁਲ ਨਹੀਂ ਹੈ।

ਹਾਨੀ, ਜਾਂ ਪਤਨ ਦਾ ਅਰਥ ਹੈ, ਗਿਰਾਵਟ ਨੀਚੇ ਨੂੰ ਜਾਣਾ, ਜਾਂ ਨੀਚੇ ਨੂੰ ਗਤੀ ਕਰਨਾ, ਬਿਗੜਨਾ ਜਾਂ ਵਿਕਰਤ ਹੋਣਾ।

"ਨੇਚਰ ਵਿੱਚ ਜਦ ਉਸਦਾ ਕੋਈ ਅਸਤਿੱਤ ਕਿਸੇ ਵੀ ਪਖ ਵਿੱਚ ਆਪਣੀ ਕਿਸੇ ਭਲੀ ਦਸ਼ਾ ਤੋਂ ਗਿਰ ਕੇ, ਕਿਸੇ ਬੁਰੀ ਦਸ਼ਾ ਵਿੱਚ ਪੁੱਜ ਜਾਂਦਾ ਹੈ, ਤਦ ਇਸ ਪ੍ਰਕਾਰ ਨਾਲ ਉਸਦਾ ਉਸ ਪੱਖ ਵਿੱਚ ਪਹਿਲੋਂ ਦੀ ਨਿਸਬਤ ਬੁਰਾ ਬਣ ਜਾਣਾ, ਜਾਂ ਵਿਗੜ ਜਾਣਾ, ਜਾਂ ਨੀਚੇ ਦੀ ਦਸ਼ਾ ਵਿੱਚ ਪੁੱਜ ਜਾਣਾ ਜਾਂ ਵਿਕਰਤ ਹੋ ਜਾਣਾ, ਉਸਦਾ ਪਤਨ ਕਹਿਲਾਉਂਦਾ ਹੈ। ਏਸੇ ਪ੍ਰਕਾਰ ਆਤਮਾ ਦਾ ਪਤਨ, ਆਤਮਿਕ ਪਤਨ ਅਖਵਾਉਂਦਾ ਹੈ।"

ਆਤਮਾ ਦੀ ਗਠਨ ਦੀ ਹਾਨੀ ਨੂੰ ਹੀ ਆਤਮਿਕ ਪਤਨ ਕਹਿੰਦੇ ਹਨ। ਨਿਰੰਤਰ ਹਾਨੀ ਦੇ ਹੁੰਦੇ ਰਹਿਣ ਨਾਲ ਆਤਮਾ ਨਸ਼ਟ ਹੋ ਜਾਂਦਾ ਹੈ, ਮਰ ਜਾਂਦਾ ਹੈ ਜਾਂ ਖਤਮ ਹੋ ਜਾਦਾ ਹੈ। ਆਤਮਾ ਦੇ ਨਸ਼ਟ ਹੋ ਜਾਣ ਦੇ ਨਾਲ ਮਨੁੱਖ ਜੀਵਨ ਦੀ ਸਭ ਲੀਲਾ ਖਤਮ ਹੋ ਜਾਂਦੀ ਹੈ। ਮਨੁੱਖ ਦਾ ਆਪਣੀ ਹਸਤੀ ਦੇ ਵਿੱਚਾਰ ਨਾਲ, ਅਸਤਿੱਤ ਹੀ ਨਸ਼ਟ ਹੋ ਜਾਂਦਾ ਹੈ।

ਮਨੁੱਖ ਨੂੰ ਆਪਣੀ ਪਰਕਿਰਤੀ ਤੋਂ ਹੀ ਦੁੱਖ ਤੇ ਮੌਤ ਜਾਂ ਨਾਸ਼ ਗਵਾਰਾ ਨਹੀਂ। ਮਨੁੱਖ ਮਰਨਾ ਨਹੀਂ ਚਾਹੁੰਦਾ। ਦੁੱਖੀ ਨਹੀਂ ਰਹਿਣਾ ਚਾਹੁੰਦਾ। ਉਕਤ ਇਛਾਵਾਂ ਦੀ ਪੂਰਤੀ ਲਈ, ਉਸ ਨੂੰ ਦੁਖ ਤੇ ਨਾਸ਼ ਦੇ ਕਾਰਨਾਂ ਦਾਂ ਜਾਂ ਆਤਮਿਕ ਰੋਗਾਂ ਦਾ ਗਿਆਨ ਹੋਣਾ ਅਤੇ ਉਨ੍ਹਾਂ ਤੋਂ ਮੁਕਤ ਹੋਣਾ ਜਰੂਰੀ ਹੈ। ਦੇਵ ਆਤਮਾ, ਕੇਵਲ ਅਤੇ ਕੇਵਲ ਦੇਵ ਆਤਮਾ ਹੀ ਮਨੁੱਖ ਨੂੰ, ਉਸ ਦੇ ਆਤਮਿਕ ਰੋਗਾਂ ਦਾ ਗਿਆਨ ਦਿੰਦੇ ਹਨ, ਅਤੇ ਉਨ੍ਹਾਂ ਤੋਂ ਮੁਕਤ ਹੋਣ ਦੇ ਸਾਧਨ ਦੱਸਦੇ ਹਨ।

ਜਿਵੇਂ ਉਪਰ ਦੱਸਿਆ ਗਿਆ ਹੈ, ਨੀਚ ਸੁਖਾਂ ਦੀ ਤੀਬਰ ਲਾਲਸਾ, ਜਾਂ ਨੀਚ ਸੁਖਾਂ ਦੀ ਗੁਲਾਮੀ ਨੂੰ ਹੀ ਆਤਮਿਕ ਰੋਗ ਕਹਿੰਦੇ ਹਨ, ਅਰਥਾਤ ਸਭ ਪ੍ਰਕਾਰ ਦੇ ਨੀਚ ਸੁਖ ਅਨੁਰਾਗਾਂ ਅਤੇ ਉਨ੍ਹਾਂ ਤੋਂ ਉਪਜੀਆਂ ਨੀਚ ਘ੍ਰਿਨਾਵਾਂ ਹੀ ਆਤਮਾ ਦੇ ਰੋਗ ਹਨ।

ਦੇਵ ਆਤਮਾ ਨੇ ਅਪਾਰ ਕਿਰਪਾ ਕਰਕੇ ਉਕਤ ਰੋਗਾਂ ਨੂੰ ਸ਼੍ਰੇਣੀ ਬੱਧ ਕੀਤਾ ਹੈ।

ਮਨੁੱਖ ਆਤਮਾ ਦੇ ਰੋਗ ਮੋਟੇ ਤੌਰ ਤੇ ਇਸ

ਪ੍ਰਕਾਰ ਹਨ :-

1. **ਸਰੀਰ ਸਬੰਧੀ ਸੁਖ ਅਨੁਰਾਗ**

(ੳ) ਸੁਆਦ ਸੁਖ ਅਨੁਰਾਗ

(ਅ) ਨਸ਼ਾ ਸੁਖ ਅਨੁਰਾਗ

(ੲ) ਕਾਮ ਸੁਖ ਅਨੁਰਾਗ

(ਸ) ਆਲਸ ਸੁਖ ਅਨੁਰਾਗ

2. **ਅਹੰ ਸਬੰਧੀ ਸੁਖ ਅਨੁਰਾਗ**

(ੳ) ਪ੍ਰਸ਼ੰਸਾ ਸੁਖ ਅਨੁਰਾਗ

(ਅ) ਮਾਨ ਸੁਖ ਅਨੁਰਾਗ

(ੲ) ਵਡਿਆਈ ਸੁਖ ਅਨੁਰਾਗ

(ਸ) ਸਵਾਰਥ ਸੁਖ ਅਨੁਰਾਗ

3. **ਸੰਤਾਨ ਸਬੰਧੀ ਸੁਖ ਅਨੁਰਾਗ**
4. **ਧਨ ਸੰਪਤੀ ਸੁਖ ਅਨੁਰਾਗ**
5. **ਸੰਸਕਾਰ, ਸੰਗ ਤੇ ਅਭਿਆਸ ਸਬੰਧੀ ਸੁਖ ਅਨੁਰਾਗ**
6. **ਹਿੰਸਾ ਸਬੰਧੀ ਸੁਖ ਅਨੁਰਾਗ**
7. **ਮਿੱਥਿਆ ਵਿਸਵਾਸ਼ ਸਬੰਧੀ ਕਈ ਸੁਖ ਅਨੁਰਾਗ**

ਉਪਰੋਕਤ ਵੱਖ ਵੱਖ ਪ੍ਰਕਾਰ ਦੇ ਸੁਖ ਅਨੁਰਾਗਾਂ ਵਿਚੋਂ ਹਰ ਇਕ ਦੇ ਵਿਰੁੱਧ ਕਿਸੇ ਘਟਨਾ ਦੇ ਪੈਦਾ ਹੋਣ ਤੇ ਮਨੁੱਖ ਦੇ ਆਤਮਾ ਵਿੱਚ ਜੋ ਆਘਾਤ ਲਗਦਾ ਹੈ, ਉਸ ਨਾਲ ਉਸ ਨੂੰ **ਦੁਖ** ਦੀ ਉਤਪਤੀ ਹੁੰਦੀ ਹੈ। ਅਤੇ ਅਜਿਹੇ ਨਾਂਨਾਂ ਦੁਖਾਂ ਦੀ ਉਤਪਤੀ ਨਾਲ ਨਾਂਨਾਂ ਪ੍ਰਕਾਰ ਦੀਆਂ **ਘ੍ਰਿਨਾਵਾਂ** ਦੀ ਉਤਪਤੀ ਹੁੰਦੀ ਹੈ। ਇਹ ਨੀਚ ਘ੍ਰਿਨਾਵਾਂ ਵੀ ਆਤਮਿਕ ਰੋਗ ਹਨ ਜੋ ਮਨੁਖੀ ਆਤਮਾ ਦੇ ਪਤਨ ਤੇ ਨਾਸ਼ ਦਾ ਕਾਰਨ ਬਣਦੀਆਂ ਹਨ।

ਉਪਰੋਕਤ ਸੱਭੇ ਰੋਗ ਆਤਮਾ ਦੇ ਰੋਗ ਹਨ, ਜਿਨ੍ਹਾਂ ਨੂੰ ਕੇਵਲ ਅਤੇ ਕੇਵਲ ਦੇਵ ਆਤਮਾ ਨੇ ਹੀ ਦਰਸਾਇਆ ਹੈ, ਹੋਰ ਕਿਸੇ ਵੀ ਮਨੁੱਖ ਦੇ ਵੱਸ ਦੀ ਇਹ ਗਲ ਨਹੀਂ ਸੀ, ਅਤੇ ਨ ਹੈ।

ਬਹੁਤ ਹਾਦੀ ਵਾ ਪੈਗੰਬਰ, ਹੈਂ ਆਏ ਦੁਨੀਆਂ ਕੇ ਅੰਦਰ
ਨ ਖਟਕਾ ਖੂੰਨ ਰੂਹੋਂ ਕਾ, ਜੋ ਹੋਤੇ ਹੈਂ ਕਤਲ ਘਰ ਘਰ
ਤੁਮੀਂ ਨੇ ਦੇਖ ਯੇਹ, ਮੰਜ਼ਰ, ਜਖਮ ਖਾਇਆ ਹੈ ਹਿਰਦੇ ਪਰ
ਕੀਆ ਕੁਰਬਾਨ ਤਨ ਮਨ ਧਨ, ਮਗਰ ਉਨ ਕੋ ਬਚਾਇਆ ਹੈ।

ਗੁਰੂ ਫਰਮਾਨ

* ਆਤਮਿਕ ਵਿਨਾਸ਼ ਤੋਂ ਮੋਖ਼ਸ਼ ਅਤੇ ਆਤਮਿਕ ਉੱਚ ਜੀਵਨ ਲਾਭ ਦੇ ਬਿਨਾਂ ਸਭ ਕੁਝ ਲਾਭ ਨਿਸਫਲ ਹਨ।
* ਨੀਚ ਜੀਵਨ ਤੋਂ ਵੱਧ ਕੇ ਕੋਈ ਹਾਨੀ ਨਹੀਂ ਉੱਚ ਜੀਵਨ ਤੋਂ ਵੱਧ ਕੇ ਕੋਈ ਲਾਭ ਨਹੀਂ।
* ਇਹ ਭਾਵ ਪੈਦਾ ਹੋਵੇ ਕਿ ਸਚਾਈ ਅਤੇ ਭਲਾਈ ਆਵੇ, ਅਤੇ ਉਸ ਦੇ ਲਈ ਮੇਰਾ ਸਭ ਕੁਝ ਜਾਵੇ।
* ਸਵੇਰ ਤੋਂ ਸ਼ਾਮ ਤਕ ਤੁਹਾਡਾ ਸਾਰਾ ਪਰਿਸ਼ਰਮ ਕਿਸ ਦੇ ਲਈ ਹੈ?
* ਨਿਰਜਨ ਸਥਾਨ ਤੇ ਬੈਠ ਕੇ ਸੋਚੋ ਕਿ ਅਸੀਂ ਕਿਨ੍ਹਾਂ ਪਦਾਰਥਾਂ ਦੇ ਪਿੱਛੇ ਜਾਂ ਰਹੇ ਹਾਂ ਅਤੇ ਸਾਡੀ ਗਤੀ ਕਿਤ ਵਲ ਹੈ?

ਕੀ ਤੁਸੀਂ ਅਜਿਹਾ ਕਰ ਸਕਦੇ ਹੋ?

ਇਕ ਪੰਜਾਬ ਦੇ ਪਿੰਡ ਵਿੱਚ ਇੱਕ ਬਰਾਦਰੀ ਇਕ ਪੇਸ਼ਾ ਦੇ ਦੋ ਜਨ ਰਹਿੰਦੇ ਸਨ। ਇਕ ਪਿੰਡ, ਇਕ ਪੇਸ਼ਾ, ਇਕ ਜਿਹੀ ਬਰਾਦਰੀ, ਇਕੋ ਜਿਹਾ ਰਹਿਣ ਸਹਿਣ ਰੱਖਣ ਵਾਲੇ ਹੋਣ ਕਰਕੇ ਉਨ੍ਹਾਂ ਨੂੰ ਭਾਈ ਬੰਦ ਕਿਹਾ ਜਾ ਸਕਦਾ ਸੀ। ਕਿਸੇ ਵੀ ਕਾਰਨ ਉਨ੍ਹਾਂ ਦਾ ਆਪਸ ਵਿੱਚ ਮਨ ਮੁਟਾਵ ਹੋ ਗਿਆ, ਇਕ ਦੂਜੇ ਤੋਂ ਦੂਰੀ ਹੋ ਗਈ। ਇਕ ਦੂਜੇ ਦੇ ਉਹ ਵਿਰੋਧੀ ਹੋ ਗਏ। ਦੂਰੀ ਏਨੀ ਵਧ ਗਈ ਕਿ ਉਹ ਇਕ ਦੂਜੇ ਦੇ ਵਿਰੁੱਧ ਕੋਰਟ ਕਚਹਿਰੀ ਚਲੇ ਗਏ। ਮੁਕਦਮਾ ਬਾਜੀ ਚਲ ਪਈ। ਉਹ ਬੜੇ ਜੋਸ਼ ਨਾਲ ਆਪਣੇ ਆਪਣੇ ਮੁਕਦਮੇ ਦੀ ਪੈਰਵੀ ਕਰਦੇ ਰਹੇ। ਕਾਫੀ ਭੱਜ ਨੱਠ ਕਰਦੇ ਰਹੇ। ਖਰਚ ਖੇਚਲ ਵੀ ਝੱਲਦੇ ਰਹੇ। ਅਜਿਹੀ ਟਕਰਾਹਟ ਭਰਿਆ ਸੰਗਰਾਮ ਲੰਮਾ ਕਈ ਸਾਲ ਚਲਦਾ ਰਿਹਾ ਤੇ ਦੂਰੀਆਂ ਵੱਧਦੀਆਂ ਰਹੀਆਂ। ਲੜਾਈ ਲੜਦੇ ਰਹੇ।

ਆਖਰ ਮੁਕਦਮੇਂ ਦੇ ਫੈਸਲ ਹੋਣ ਦਾ ਮੌਕਾ ਆ ਗਿਆ। ਦੋਨਾਂ ਧਿਰਾਂ ਨੇ ਆਪਣੀ ਆਪਣੀ ਸੁਣਾ ਲਈ, ਗਵਾਹੀਆਂ ਪੇਸ਼ ਕਰ ਦਿੱਤੀਆਂ, ਜਿਰ੍ਹਾ ਵੀ ਮੁਕ ਗਈ, ਆਖਰੀ ਫੈਂਸਲੇ ਦੀ ਤਾਰੀਖ ਆ ਗਈ। ਉਸ ਤਾਰੀਖ ਤੇ ਦੋਵੇਂ ਧਿਰਾਂ, ਕਚਹਿਰੀ ਹਾਜਰ ਹੋਈਆਂ। ਆਖਰ ਜੱਜ ਨੇ ਆਪਣਾ ਫੈਂਸਲਾ ਸੁਣਾ ਦਿੱਤਾ ਤੇ ਇਕ ਧਿਰ ਨੂੰ ਕੁਝ ਸਮੇਂ ਦੀ ਕੈਦ ਦਾ ਫੈਂਸਲਾ ਸੁਣਾ ਦਿੱਤਾ।

ਦੋਨਾਂ ਸਾਥੀਆਂ ਵਿਚੋਂ ਜਿਸ ਦੀ ਜਿੱਤ ਹੋਈ ਉਹ ਸੁਭਾਵਕ ਬਹੁਤ ਖੁਸ਼ ਤੇ ਤ੍ਰਿਪਤ ਸੀ, ਅਤੇ ਜਿਸ ਨੂੰ ਸਜਾ ਹੋ ਗਈ, ਉਹ ਨਿਰਾਸ਼ ਦੁਖੀ ਤੇ ਦਿਲ ਸ਼ਿਕਨ ਸੀ।

ਆਖਰ ਦੋਵੇਂ ਧਿਰਾਂ ਵੱਖ ਹੋਣ ਲਗੀਆਂ। ਇਕ ਤਾਂ ਆਪਣੀ ਜਿੱਤ ਦੇ ਨਸ਼ੇ ਵਿੱਚ ਖੁਸ਼ੀ ਭਰਿਆ ਆਪਣੇ ਘਰ ਨੂੰ ਪਰਤ ਰਿਹਾ ਸੀ, ਦੂਜੇ ਨੂੰ ਪੁਲਸ ਨੇ ਹੱਥ ਕੜੀ ਲਾ ਲਈ ਸੀ ਤੇ ਕੋਰਟ ਦਾ ਫੈਸਲਾ ਲੈ ਰਹੇ ਸਨ ਤੇ ਉਸ ਨੂੰ ਵੈਨ ਵਿੱਚ ਜੇਲ ਲੈ ਜਾਣ ਦੀ ਤਿਆਰੀ ਕਰ ਰਹੇ ਸਨ।

ਜਦੋਂ ਜਿਤ ਪ੍ਰਾਪਤ ਜਨ, ਆਖਰੀ ਝਾਤੀ ਵਿਰੋਧੀ ਵਲ ਮਾਰ ਕੇ ਆਪਣੇ ਘਰ ਨੂੰ ਪਰਤਣ ਲੱਗਾ ਤਾਂ ਸਜਾ ਯਾਫਤਾ ਜਨ ਬੋਲ ਉਠਿਆ, "ਭਰਾਵਾ ਮੈਨੂੰ ਕੈਦ ਤਾਂ ਕਰਾ ਚਲਿਆ ਹੈਂ, ਮੈਨੂੰ ਕੁਝ ਪੈਸੇ ਤਾਂ ਦੇ ਜਾ, ਮੇਰੇ ਕੋਲ ਤਾਂ ਜ਼ਹਿਰ ਖਾਣ ਨੂੰ ਵੀ ਫੁੱਟੀ ਕੌਡੀ ਨਹੀਂ।"

ਵਿਰੋਧੀ ਦੀ ਗਲ ਸੁਣ ਕੇ ਜੇਤੂ ਜਨ ਨੇ ਕਿਸੇ ਵੀ ਘ੍ਰਿਨਾ ਦੀ ਭੜਾਸ ਨਹੀਂ ਕੱਢੀ, "ਤੂੰ ਐਂ ਕੀਤਾ, ਤੂੰ ਔਂਹ ਕੀਤਾ, ਹੁਣ ਟੌਂਕ ਭਾਲਦਾ ਹੈਂ?" ਉਸ ਨੂੰ ਝੱਟ ਉਸ ਦੀ ਲੋੜ ਦਾ, ਉਸਦੀ ਔਂਖ ਦਾ ਖਿਆਲ ਆ ਗਿਆ। ਉਸ ਨੇ ਆਪਣੀ ਜੇਬ ਵਿੱਚ ਹੱਥ ਮਾਰਿਆ ਅਤੇ ਜੋ ਰੁਪਏ ਪਾਸ ਸੀ, ਸਭੇ ਖੁਲ ਦਿਲੀ ਨਾਲ ਜੇਲ ਜਾ ਰਹੇ ਵਿਰੋਧੀ ਨੂੰ ਫੜਾ ਦਿੱਤੇ। ਇਹੋ ਕਰ ਕੇ ਸੌਖ ਪ੍ਰਾਪਤ ਕੀਤੀ। ਸਗੋਂ ਆਪਣੀ ਪਰਸਪਰ ਟਕਰਾਹਟ ਨਫਰਤ ਤੇ ਦੂਰੀ ਨੂੰ ਵੀ ਕਿਸੇ ਹੱਦ ਕੋਝਾ ਵੇਖਿਆ ਤੇ ਨਿੰਮੋਝੂਣਾ ਹੀ ਮਹਿਸੂਸ ਕੀਤਾ। ਜਿੱਤ ਦਾ ਸਾਰਾ ਨਸ਼ਾ ਉਤਰ ਗਿਆ। ਨਫਰਤ ਦਾ ਫਾਸਲਾ ਘੱਟ ਗਿਆ, ਵਿਰੋਧੀ ਦੀ ਸਹਾਇਤਾ ਲਈ ਹੱਥ ਅੱਗੇ ਵੱਧ ਗਿਆ।

ਇਕ ਜੇਲ ਨੂੰ ਤੇ ਇਕ ਘਰ ਨੂੰ ਪਰਤ ਪਿਆ। ਦੋਵੇਂ ਜੁਦਾ ਹੋ ਗਏ। ਵਿਰੋਧੀ ਪ੍ਰਤੀ ਘ੍ਰਿਨਾ ਘਟਾਉਣ ਵਾਲਾ, ਦੂਰੀਆਂ ਸਮੇਟਣ ਵਾਲਾ ਕੌਣ ਜਨ ਸੀ। ਇਹ ਖੁਲ ਦਿੱਲੀ ਦਾ ਮਾਲਕ ਕੌਣ ਸੀ। ਇਹ ਸਨ, ਉੱਚ ਲੋਕ ਵਾਸੀ ਸ੍ਰੀਮਾਨ ਗੁਰਵੰਤ ਸਿੰਘ ਜੀ ਦੇ ਪਿਤਾ, ਸਰਦਾਰ ਕੁੰਢਾ ਸਿੰਘ ਜੀ, ਕੁਹਾਰ ਵਾਲਾ।

ਇਹ ਸੁੰਦਰ ਘਟਨਾ ਮੈਨੂੰ ਸੋਚਣ ਲਈ ਬੇੱਬਸ ਕਰਦੀ ਹੈ, ਕਿ ਮੈਂ ਜੋ ਆਪਣੇ ਆਪ ਨੂੰ ਧਾਰਮਿਕ ਦਸਦਾ ਹਾਂ ਤੇ ਮੰਨਦਾ ਹਾਂ, ਮੈਂ ਜਾਂ ਮੇਰੇ ਸਾਥੀਆਂ ਜਿਨ੍ਹਾਂ ਨੇ ਧਰਮਵਾਨ ਬਣਨ ਲਈ ਸਾਰੀ ਜਿੰਦਗੀ ਲਾ ਦਿੱਤੀ ਹੈ, ਕੀ ਅਸੀਂ, ਆਪਣੇ ਵਿਰੋਧੀ ਕਹਿਲਾਉਣ ਵਾਲੇ ਕਿਸੇ ਸਾਥੀ ਪ੍ਰਤੀ, ਉਪਰੋਕਤ ਇਕ ਸਾਧਾਰਨ ਜਨ ਦੀ ਸੁੰਦਰ ਖੁਲ ਦਿਲੀ ਤੇ ਵਿਸ਼ਾਲ ਸੁਹਿਰਦਤਾ ਦੀ ਪੈਦਾ ਕਰਦਾ ਮਿਸਾਲ ਦੀ ਪੈਰਵੀ ਕਰ ਸਕਦੇ ਹਾਂ? ਜੇ ਅਸੀਂ, ਜਾਂ ਸਾਡੇ ਵਿੱਚੋਂ ਕੋਈ ਵੀ ਅਜਿਹਾ ਕਰ ਸਕਦਾ ਹੈ ਤਾਂ ਉਹ ਸਚ ਮੁੱਚ ਹਾਰਦਿਕ ਮੁਬਾਰਕ ਬਾਦ ਦਾ ਪਾਤਰ ਹੈ। ਉਹ ਮੁਬਾਰਕ ਵਜੂਦ ਇਸ ਗੱਲ ਦੀ ਪਾਕ ਖੁਸ਼ੀ ਵੀ ਮਹਿਸੂਸ ਕਰ ਸਕਦਾ ਹੈ, ਕਿ ਮੈਂ ਗੁਰੂ ਕਿਰਪਾ ਨਾਲ ਕੁਝ ਤਿਲ ਮਾਤਰ ਤਾਂ ਧਾਰਮਿਕ ਬਨਣ ਦੇ ਯੋਗ ਹੋਇਆ ਹਾਂ, ਨਹੀਂ ਤਾਂ ਨਹੀਂ।

ਸ਼ਰਾਧ ਦਾ ਸਾਧਨ

ਜਿਵੇਂ ਪਹਿਲਾਂ ਸੂਚਿਤ ਕੀਤਾ ਜਾ ਚੁਕਿਆ ਹੈ ਕਿ ਸ਼੍ਰੀਮਤੀ ਸਰਸਤੀ ਦੇਵੀ ਜੀ ਤਾਇਲ ਧਰਮ ਪਤਨੀ ਸ਼੍ਰੀਮਾਨ ਸ਼ਾਦੀ ਲਾਲ ਜੀ ਤਾਇਲ ਦਾ 27 ਫਰਵਰੀ ਨੂੰ ਦੇਹਾਂਤ ਹੋ ਚੁਕਿਆ ਹੈ ਅਤੇ ਉਨ੍ਹਾਂ ਦਾ ਦਾਹ ਸੰਸਕਾਰ 28 ਫਰਵਰੀ, 2005 ਨੂੰ ਦੇਵ ਧਰਮ ਵਿਧੀ ਅਨੁਸਾਰ ਕੀਤਾ ਗਿਆ। ਉਨ੍ਹਾਂ ਸਬੰਧੀ ਸ਼ਰਾਧ ਦਾ ਸਾਧਨ ਮੋਗਾ ਵਿਖੇ ਕਾਲਜ ਰੋਡ ਦੇ ਉੱਤੇ ਸਿਥਿੱਤ ਧਰਮਸ਼ਾਲਾ ਵਿੱਚ 13 ਮਾਰਚ ਐਤਵਾਰ ਨੂੰ ਸਾਡੇ 12 ਵਜੇ ਰੱਖਿਆ ਗਿਆ।

ਇਸ ਅਵਸਰ ਲਈ ਉਨ੍ਹਾਂ ਦੀਆਂ ਤਿੰਨ ਪੁਤਰੀਆਂ ਅਮਰੀਕਾ ਤੇ ਕੈਨੇਡਾ ਤੋਂ, ਬੀਬੀ ਪ੍ਰਭਾ, ਬੀਬੀ ਸ਼ਸੀ ਅਤੇ ਬੀਬੀ ਵੀਰਬਾਲਾ ਜੀ ਪੁੱਜ ਗਈਆਂ ਸਨ। ਬਾਕੀ ਦਿੱਲੀ, ਸੰਗਰੂਰ ਤੇ ਮੋਗਾ ਵਾਲੀਆਂ ਬੇਟੀਆਂ ਤਾਂ ਹਾਜਰ ਹੈ ਹੀ ਸਨ। ਉਨ੍ਹਾਂ ਦੇ ਸਭ ਰਿਸ਼ਤੇਦਾਰ ਚੰਡੀਗੜ੍ਹ, ਸੰਗਰੂਰ, ਦਿੱਲੀ, ਮੋਗਾ ਤੇ ਹੋਰ ਸਥਾਨਾਂ ਤੋਂ, ਅਤੇ ਬਹੁਤ ਸਾਰੇ ਹੋਰ ਸਨੇਹੀ ਵੀ ਪੁੱਜ ਗਏ ਸਨ। ਬਹੁਤ ਸਾਰੇ ਧਰਮ ਸਬੰਧੀ ਵੀ ਇਸ ਅਵਸਰ ਤੇ ਉਪਸਥਤ ਸਨ।

ਇਸ ਸਾਧਨ ਨੂੰ ਕਰਾਉਣ ਲਈ ਚੰਡੀਗੜ੍ਹ ਤੋਂ ਸ਼੍ਰੀਮਾਨ ਬਲਦੇਵ ਸਿੰਘ ਜੀ, ਸ਼੍ਰੀਮਾਨ ਜਗਦੀਸ਼ ਪ੍ਰਸਾਦ ਜੀ, ਸ਼੍ਰੀਮਾਨ ਓਮ ਪ੍ਰਕਾਸ਼ ਜੀ ਵਰਮਾ ਜਮਨਾ ਨਗਰ, ਸ਼੍ਰੀਮਾਨ ਸੀਤਾ ਰਾਮ ਜੀ ਸੰਗਰੂਰ, ਸ਼੍ਰੀਮਾਨ ਬਲਬਹਾਦੁਰ ਸਿੰਘ ਜੀ ਕਲਿਆਣ, ਤੇ ਸ਼੍ਰੀਮਾਨ ਸੁਖਦੇਵ ਜੀ, ਸਮੇਂ ਸਿਰ ਪੁੱਜ ਗਏ ਸਨ। ਕੁਲ ਬਾਹਰ ਤੇ ਲੋਕਲ ਜਨਾ ਨੂੰ ਮਿਲਾ ਕੇ 300 ਦੇ ਕਰੀਬ ਹਾਜਰੀ ਹੋ ਗਈ ਹੋਵੇਗੀ।

ਸਭ ਦੇ ਖਾਣੇ ਦਾ ਉੱਚਿਤ ਪ੍ਰਬੰਧ ਕੀਤਾ ਹੋਇਆ ਸੀ। ਧਰਮਸ਼ਾਲਾ ਦੇ ਵੱਡੇ ਹਾਲ ਵਿੱਚ ਸਟੇਜ ਬਣਾ ਕੇ ਗੁਰੂ ਮਹਾਰਾਜ ਦੀ ਸੁੰਦਰ ਫੋਟੋ ਰੱਖੀ ਗਈ। ਉਸ ਤੋਂ ਨੀਚੇ ਦੇਹ ਤਿਆਗੀ ਦੀ ਵਡੇ ਸਾਇਜ਼ ਦੀ ਫੋਟੋ ਰੱਖੀ ਗਈ। ਫੁਲਾਂ ਦੇ ਹਾਰਾਂ ਤੇ ਫੁਲਾਂ ਦਾ ਪ੍ਰਬੰਧ ਕੀਤਾ ਗਿਆ।

ਠੀਕ ਸਾਡੇ 12 ਵਜੇ ਸ੍ਰੀਮਾਨ ਜਗਦੀਸ਼ ਜੀ ਨੇ "ਬਾਗੇ ਦੁਨੀਆਂ..... ਹੈ ਚੰਦ ਰੋਜ਼" ਵਾਲਾ ਭਜਨ ਗਾਉਣਾ ਸ਼ੁਰੂ ਕਰ ਦਿੱਤਾ। ਜਿਸ ਨਾਲ ਹਾਜਰੀਨ ਹਾਲ ਵਿੱਚ ਬੈਠਣ ਲਗ ਗਏ। ਇਸ ਭਜਨ ਤੋਂ ਬਾਅਦ ਗੁਰੂ ਮਹਾਰਾਜ ਦੀ ਛਵੀ ਦਾ ਸੁੰਦਰ ਹਾਰ ਦੁਆਰਾ ਅਰਚਨ ਕੀਤਾ ਗਿਆ। ਦੇਵ ਸਤੋਤਰ ਦਾ ਗਾਨ ਤੇ ਵਿਆਖਿਆ ਕੀਤੀ ਗਈ। ਫੇਰ ਸਭ ਦੇ ਖੜੇ ਰਹਿਣ ਤੇ ਦੇਹ ਤਿਆਗੀ ਜੀ ਦੀ ਫੋਟੋ ਦਾ ਹਾਰ ਦੁਆਰਾ ਅਰਚਨ ਕੀਤਾ ਗਿਆ। ਸਭ ਬੱਚਿਆਂ ਤੇ ਸਬੰਧੀਆਂ ਤੇ ਹਾਜਰੀਨ ਨੇ ਵੀ ਫੁਲ ਰਖ ਕੇ ਸਨਮਾਨ ਪਰਦਰਸ਼ਨ ਕੀਤਾ। ਫੇਰ ਸਭ ਦੇ ਬੈਠ ਜਾਣ ਤੇ ਸਭਾਪਤੀ ਸ਼੍ਰੀਮਾਨ ਬਲਦੇਵ ਸਿੰਘ ਜੀ ਨੇ ਸ਼ਰਾਧ ਸਾਧਨ ਸਬੰਧੀ ਸਾਰੀ ਕਾਰਵਾਈ ਦੱਸੀ। ਇਸ ਪਿੱਛੋਂ ਦੇਹ ਤਿਆਗੀ ਜੀ ਦੀਆਂ ਪੁਤਰੀਆਂ ਨੇ ਮਿਲ ਕੇ "ਪਰਲੋਕ ਕੇ ਸਬੰਧੀਉਂ ਕੋ ਹਮ ਨਹੀਂ ਬਿਸਰਾਏਂਗੇ।" ਵਾਲਾ ਭਜਨ ਦਿਲੀ ਭਾਵਾਂ ਨਾਲ ਗਾਇਆ। ਇਸ ਤੋਂ ਬਾਅਦ ਸਭਾਪਤੀ ਜੀ ਨੇ ਦੇਹ ਤਿਆਗੀ ਦੇ ਜੀਵਨ ਦੇ ਮੋਟੇ ਹਾਲਾਤ ਦਸਦੇ ਹੋਏ, ਉਲ੍ਹਾਂ ਦੀ ਬੀਮਾਰੀ ਤੇ ਮੌਤ ਬਾਰੇ ਦੱਸਿਆ। ਪਰਲੋਕ ਸਬੰਧੀ ਗੁਰੂ ਮਹਾਰਾਜ ਦੀ ਸਿਖਿਆ ਦਾ ਸੰਖੇਪ ਬਿਆਨ ਕੀਤਾ। ਫੇਰ ਦੇਹ ਤਿਆਗੀ ਜੀ ਦੇ ਜੀਵਨ ਬਾਰੇ ਤੇ ਸਦਗੁਣਾਂ ਦਾ ਬਿਆਨ ਕੀਤਾ। ਜਿਸ ਪ੍ਰਕਾਰ ਉਨ੍ਹਾ ਨੇ ਅੱਠ ਲੜਕੀਆਂ ਵਾਲੇ ਵੱਡੇ ਪਰਿਵਾਰ ਨੂੰ ਪਾਲਿਆ, ਆਪਣੇ ਪਤੀ ਦਾ ਪੂਰਾ ਸਹਿਯੋਗ ਕੀਤਾ। ਸਮਾਜ ਦੀਆਂ ਸਭਾਵਾਂ ਵਿੱਚ ਜਾ ਜਾ ਕੇ ਸਮਾਜ ਦੀਆਂ ਸੇਵਕਾ ਬਣੀਆਂ। ਆਪਣੇ ਸੁਸਰ ਅਤੇ ਸੱਸ ਦੀ ਪੂਰੀ ਖੁਸ਼ਨੂਦੀ ਹਾਸਲ ਕੀਤੀ। ਉਨ੍ਹਾਂ ਦੇ ਨੇਕ, ਸੇਵਾਕਾਰੀ, ਸਪਸ਼ਟ ਤੇ ਸਚ ਬੋਲਣ, ਵਲਛਲ

ਤੇ ਕਪਟ ਰਹਿਤ ਸੁਭਾਅ ਬਾਰੇ, ਗਊ ਸੇਵਾ, ਦਾਨ ਆਦਿ ਦੇਣ, ਕਿਸੇ ਨਾਲ ਵੀ ਲੜਨ ਝਗੜਨ ਤੋਂ ਰਹਿਤ ਜੀਵਨ ਦਾ ਬਿਆਨ ਕੀਤਾ ਗਿਆ। ਫੇਰ ਸ੍ਰੀਮਾਨ ਸ਼ਾਦੀ ਲਾਲ ਜੀ ਦਾ ਓਨ੍ਹਾਂ ਦੇ ਸਬੰਧ ਵਿੱਚ ਇਕ ਪੱਤਰ ਪੜ੍ਹ ਕੇ ਸੁਣਾਇਆ ਗਿਆ। ਇਸ ਤੋਂ ਪਿਛੋਂ ਉਨ੍ਹਾਂ ਦੀ ਪੁਤਰੀ ਪ੍ਰਭਾ ਜੀ ਨੇ ਆਪਣਾ ਸੁੰਦਰ ਭਾਵਾਂ ਭਰਿਆ ਪੱਤਰ ਪੜਿਆ। (ਉਪ੍ਰੋਕਤ ਦੋਨੇ ਹਿਰਦੇ ਸਪਰਸ਼ੀ ਪੱਤਰ ਵੱਖ ਛਾਪੇ ਜਾਣਗੇ)। ਫੇਰ ਕੁਝ ਜਨਾਂ ਨੇ ਆਪਣੀ ਸ਼ਰਧਾਂਜਲੀ ਭੇਂਟ ਕੀਤੀ, ਜੋ ਇਸ ਪ੍ਰਕਾਰ ਸੀ।

ਸ੍ਰੀਮਾਨ ਸਵਾਮੀ ਸ਼ਰਨ ਜੀ (ਦਾਮਾਦ) :- ਏਸ ਪਰਿਵਾਰ ਨਾਲ ਜੁੜ ਕੇ ਮੈਨੂੰ ਬਹੁਤ ਕੁਝ ਪ੍ਰਾਪਤ ਹੋਇਆ। ਮੈਂ ਬਹੁਤ ਕੁਝ ਜਿੰਦਗੀ ਵਿੱਚ ਏਥੋਂ ਸਿਖਿਆ। ਮੈਨੂੰ ਬਹੁਤ ਉੱਚ ਜੀਵਨ ਧਾਰੀ ਮਾਤਾ ਪਿਤਾ (ਸੱਸ ਤੇ ਸਸੁਰ) ਮਿਲੇ। ਬਹੁਤ ਹੀ ਉੱਚ ਸਮਾਜ ਮਿਲੀ। ਮੈਂ ਏਥੋਂ ਆਪਣੇ ਮਾਤਾ ਪਿਤਾ ਜੀ ਦੀ ਸੇਵਾ ਕਰਨੀ ਸਿੱਖੀ ਤੇ ਉਨ੍ਹਾਂ ਦੀ ਸੇਵਾ ਦਾ ਅਵਸਰ ਪਾਇਆ। ਮੈਨੂੰ ਬਹੁਤ ਹੀ ਨੇਕ ਹਮਦਰਦ ਤੇ ਸੇਵਾ ਕਾਰੀ ਧਰਮ ਪਤਨੀ ਮਿਲੀ। ਮੈਂ ਜੋ ਆਪਣੇ ਮਾਤਾ ਪਿਤਾ ਦੇ ਕੰਮ ਆਉਂਦਾ ਸੀ, ਉਹ ਇਸ ਸਮਾਜ ਦੇ ਹੀ ਕਾਰਨ ਸੀ। ਮੈਂ ਇਸ ਪਰਿਵਾਰ ਵਿੱਚ ਇਕ ਪੁਤਰ ਬਣਕੇ ਹੀ ਆਇਆ ਸੀ, ਅਤੇ ਪੁਤਰ ਬਣਕੇ ਹੀ ਰਿਹਾ। ਕਦੀ ਦਾਮਾਦ ਬਣ ਕੇ ਨਹੀਂ ਰਿਹਾ। ਪਾਪਾ ਜੀ (ਸ੍ਰੀਮਾਨ ਸ਼ਾਦੀ ਲਾਲ ਜੀ) ਨੇ ਆਪਣੀ ਵਸੀਅਤ ਵਿੱਚ ਮੈਨੂੰ ਅਧਿਕਾਰ ਦਿੱਤਾ, ਬੀਜੀ ਨੇ ਵੀ ਮੈਨੂੰ ਇਹ ਅਧਿਕਾਰ ਦਿੱਤਾ। ਮੇਰਾ ਇਹ ਸੁਭਾਗ ਹੈ ਕਿ ਸਭ ਬੱਚੇ ਵਿਦੇਸ਼ ਤੋ ਮੇਰੇ ਪਾਸ ਆ ਕੇ ਠਹਿਰਦੇ ਹਨ। ਮੈਨੂੰ ਆਪਣਾ ਜਾਣਦੇ ਹਨ। ਅਸੀਂ ਸਭ ਮਿਲ ਕੇ ਇਸ ਘਰ ਨੂੰ ਖੁਲ੍ਹਾ ਰੱਖਣ ਦਾ ਜਤਨ ਕਰਾਂਗੇ। ਮੰਦਰ ਵਾਲਾ ਭਾਗ ਮੰਦਰ ਬਣਿਆ ਰਹੇਗਾ, ਹੋਰ ਭਾਗ ਭਲੇ ਕੰਮ ਆ ਸਕੇ। ਜਿਤਨੀ ਦੇਰ ਮੈਂ ਹਾਂ, ਪ੍ਰਭਾ ਜੀ ਨਾਲ ਮਿਲ ਕੇ ਕੋਸ਼ਿਸ਼ ਕਰਾਂਗੇ ਕਿ ਇਹ ਘਰ ਖੁਲਾ ਰਹੇ। ਇਹੋ ਸਾਡੀ ਸੱਚੀ ਸ਼ਰਧਾਂਜਲੀ ਹੋਵੇਗੀ।

ਸ਼੍ਰੀਮਾਨ ਬਲਬਹਾਦਰ ਸਿੰਘ ਜੀ :- ਮੈਂ ਬਹੁਤ ਸਨਮਾਨ ਦੇ ਜੋਗ ਸ੍ਰੀਮਾਨ ਸ਼ਾਦੀ ਲਾਲ ਜੀ ਦੇ ਤੇ ਉਨ੍ਹਾਂ ਦੀ ਧਰਮ ਪਤਨੀ ਜੀ ਦੇ ਸਾਲਾਂ ਬੱਧੀ ਦਰਸ਼ਨ ਕੀਤੇ ਹਨ। ਉਨ੍ਹਾਂ ਤੋਂ ਸੇਵਾ ਵੀ ਪਾਈ ਹੈ। ਪ੍ਰਭਾ ਜੀ ਤੇ ਸ਼ਸ਼ੀ ਜੀ ਦੇ ਬੜੇ ਚੰਗੇ ਅਸਰ ਮਿਲਦੇ ਰਹੇ ਹਨ। ਸਵਾਮੀ ਸ਼ਰਨ ਜੀ ਦੇ ਭਾਵਾਂ ਤੋਂ ਬੜੇ ਚੰਗੇ ਅਸਰ ਮਿਲਦੇ ਰਹੇ ਹਨ। ਸਵਾਮੀ ਸ਼ਰਨ ਜੀ ਦੇ ਭਾਵਾਂ ਨੂੰ ਜਾਣ ਕੇ ਨਤਮਸਤਕ ਹੁੰਦਾ ਹਾਂ।

ਸ੍ਰੀਮਾਨ ਸੀਤਾ ਰਾਮ ਜੀ :- ਮੈਂ ਜੋ ਕੁਝ ਵੀ ਹਾਂ, ਉਹ ਸ੍ਰੀਮਾਨ ਸ਼ਾਦੀ ਲਾਲ ਜੀ ਦੀ ਬਦੌਲਤ ਹਾਂ। ਉਨ੍ਹਾਂ ਨੇ ਮੇਰੀ ਬੇ-ਹੱਦ ਮਦਦ ਕੀਤੀ। ਮੇਰੇ ਵੀ 6 ਲੜਕੀਆਂ ਹਨ। ਉਨ੍ਹਾਂ ਨੂੰ ਸਭ ਨੂੰ ਪੈਰਾਂ ਤੇ ਖੜਾ ਕਰਨ ਵਿੱਚ ਬਹੁਤ ਹੀ ਉਨ੍ਹਾਂ ਦਾ ਸਹਿਯੋਗ ਪਾਇਆ ਤੇ ਸਹਾਇਤਾ ਪਾਈ। ਮੇਰੇ ਬੱਚੇ ਨੂੰ ਮੈਡੀਕਲ ਵਿੱਚ ਦਾਖਲ ਕਰਾਉਣ ਦੇ ਲਈ ਉਨ੍ਹਾਂ ਨੇ ਹੌਸਲਾ ਦਿੱਤਾ। ਮੇਰਾ ਪਲਾਟ ਬਿਕਵਾਇਆ। ਉਨ੍ਹਾਂ ਦੀਆਂ ਸ੍ਰੀਮਤੀ ਜੀ ਮੇਰੇ ਨਾਲ ਬਹੁਤ ਸਬੰਧ ਮਹਿਸੂਸ ਕਰਦੀਆਂ ਸਨ। ਸ੍ਰੀਮਾਨ ਸ਼ਾਦੀ ਲਾਲ ਜੀ ਨੇ ਜੋ ਰਸਤਾ ਦਖਾਇਆ ਹੈ ਮੈਂ ਉਹ ਕਦੀ ਭੁਲ ਨਾ ਸਕਾਂ। ਮੈਂ ਉਨ੍ਹਾਂ ਬਿਨਾਂ ਯਤੀਮ ਮਹਿਸੂਸ ਕਰਦਾ ਹਾਂ। ਉਨਾਂ ਦੀ ਆਤਮਾ ਨੂੰ ਸ਼ਾਂਤੀ ਮਿਲੇ, ਮੇਰੀ ਇਹ ਕਾਮਨਾ ਹੈ।

ਸਮਾ ਬਹੁਤ ਹੋ ਗਿਆ ਸੀ। ਸਭਾ ਪਤੀ ਜੀ ਨੇ ਸਭ ਹਾਜਰੀਨ ਦਾ ਧੰਨਵਾਦ ਕੀਤਾ। ਕੋਈ 2900 ਰੁਪਏ ਇਸ ਅਵਸਰ ਤੇ ਦਾਨ ਪ੍ਰਾਪਤ ਹੋਇਆ। ਦੇਹ ਤਿਆਗੀ ਦੀਆਂ ਪੁਤਰੀਆਂ ਨੇ ਹੀ ਮਿਲ ਕੇ ਸ਼ੁਭ ਕਾਮਨਾਂ ਸਬੰਧੀ ਗੀਤ, ਉੱਚ ਭਾਵਾਂ ਨਾਲ ਗਾਇਆ। ਫੇਰ ਸਭਾ ਪਤੀ ਜੀ ਨੇ ਦੇਹ ਤਿਆਗੀ ਜੀ ਦੀ ਆਤਮਾ ਲਈ ਹਿਰਦੇ ਦੇ ਭਾਵਾਂ ਨਾਲ ਸ਼ੁਭ ਕਾਮਨਾ ਕੀਤੀ। ਚਾਰ ਬਾਰ ਜੈ ਧੁਨੀ ਦੇ ਨਾਲ ਇਹ ਸਾਧਨ ਸੰਪਨ ਹੋਇਆ।

ਇਕ ਸੇਵਕ

ਮਾਂ ਨੂੰ ਸ਼ਰਧਾਂਜਲੀ

ਮੇਰੇ ਸ਼ਰਧਾ ਅਤੇ ਵਿਸ਼ੇਸ਼ ਸਨਮਾਨ ਦੇ ਯੋਗ ਮੇਰੀ ਜਨਮਦਾਤਾ, ਪਾਲਣ ਕਰਤਾ ਅਤੇ ਰੱਖਿਆ ਕਰਤਾ ਮਾਤਾ ਜੀ,

ਆਪ ਜੀ ਦੇ ਪਵਿੱਤਰ ਸ੍ਰੀ ਚਰਨਾ ਵਿੱਚ ਝੁਕ ਕੇ ਪ੍ਰਣਾਮ ਕਰਦੀ ਹਾਂ।

25-26 ਫਰਵਰੀ ਤੋਂ ਹੀ ਮਨ ਬਹੁਤ ਬੇਚੈਨ ਹੋ ਰਿਹਾ ਸੀ। ਮੈਂ Atlanta ਤੋਂ ਕਈ ਵਾਰ ਫੋਨ ਕਰਦੀ ਰਹੀ ਸੀ। ਆਪ ਜੀ ਦੀ ਤਬੀਅਤ ਠੀਕ ਨਹੀਂ ਚਲ ਰਹੀ ਸੀ। 26 ਤਾਰੀਖ ਦੀ ਰਾਤ ਨੂੰ ਮੈਂ ਕਰੀਬ 9 ਵਜੇ ਹੀ ਬਿਸਤਰੇ ਤੇ ਚਲੀ ਗਈ। ਜਦੋਂ ਕਿ ਮੈਂ 12 ਵਜੇ ਤੋਂ ਪਹਿਲਾਂ ਕਦੇ ਵੀ ਸੌਣ ਦੇ ਲਈ ਨਹੀਂ ਜਾਂਦੀ। ਬਹੁਤ ਬੁਰੇ ਬੁਰੇ ਖਿਆਲ ਆ ਰਹੇ ਸੀ। ਥੋੜੀ ਦੇਰ ਰੋ ਕੇ ਮਨ ਹਲਕਾ ਕੀਤਾ ਤੇ ਪਤਾ ਨਹੀਂ ਕਦੋਂ ਝਪਕੀ ਆ ਗਈ। ਸਵੇਰ 3 ਵਜੇ ਝਟਕੇ ਦੇ ਨਾਲ ਅੱਖ ਖੁੱਲ ਗਈ ਤੇ ਦਿਲ ਘਬਰਾਉਣ ਲਗ ਪਿਆ ਤੇ ਨੀਂਦ ਨਹੀਂ ਆ ਰਹੀ ਸੀ। ਤਕਰੀਬਨ ਸਾਡੇ 4 ਵਜੇ ਵੀਰਬਾਲਾ ਦੇ ਫੋਨ ਤੋਂ ਆਪਜੀ ਦੇ ਬਾਰੇ ਵਿੱਚ ਉਹ ਖਬਰ ਮਿਲੀ ਜਿਸ ਨੂੰ ਕਦੇ ਵੀ ਮੈਂ ਸੁਣਨ ਦੇ ਲਈ ਤਿਆਰ ਨਹੀਂ ਸੀ। ਮੈਂ ਭਾਰਤ ਆਉਣ ਦਾ ਪ੍ਰੋਗਰਾਮ ਬਣਾ ਹੀ ਚੁੱਕੀ ਸੀ। ਬਸ ਥੋੜੇ ਹੀ ਦਿਨਾ ਦਾ ਫਰਕ ਰਹਿ ਗਿਆ ਸੀ। ਇਸ ਗੱਲ ਦਾ ਦੁੱਖ ਵਾਰ ਵਾਰ ਹੋ ਰਿਹਾ ਹੈ ਕਿ ਕਾਸ਼! ਆਪ ਕੁਝ ਹੋਰ ਜਿੰਦਾ ਰਹਿੰਦੀਆਂ। ਮੈਂ ਆਪਜੀ ਨੂੰ ਦੇਖ ਲੈਂਦੀ, ਦੋ ਗੱਲਾਂ ਕਰ ਲੈਂਦੀ। ਜਿੰਦਗੀ ਦੀ ਇਹ ਸਚਾਈ ਜਾਣਦੇ ਹੋਏ ਕਿ ਜਿੰਦਗੀ ਆਪਣੇ ਹਿਸਾਬ ਦੇ ਨਾਲ ਨਹੀਂ ਚਲਦੀ। ਫਿਰ ਵੀ ਉਮੀਦ ਕਰਦੀ ਰਹੀ ਕਿ ਮੈਂ ਅਗਲੇ ਸਾਲ ਨੌਕਰੀ ਛੱਡ ਕੇ ਆਪ ਜੀ ਦੇ ਪਾਸ ਆਕੇ ਰਹੂੰਗੀ। ਲੇਕਿਨ ਇਹ ਹੋ ਨਾ ਸਕਿਆ।

ਸਾਡਾ ਭਾਈ ਤਾਂ ਪਹਿਲਾਂ ਹੀ ਨਹੀਂ ਸੀ। ਪਾਪਾ ਜੀ ਦੇ ਜਾਣ ਤੋਂ ਬਾਦ ਲੱਗਿਆ ਕਿ ਸਾਰਾ ਢਾਂਚਾ ਤਾਂ ਪਹਿਲਾਂ ਹੀ ਹਿੱਲ ਚੁੱਕਿਆ ਸੀ। ਆਪ ਜੀ ਦੇ ਹੋਣ ਨਾਲ ਫਿਰ ਵੀ ਲਗਦਾ ਸੀ ਕਿ ਆਪਨੇ ਸਾਨੂੰ ਇਕ ਸੂਤਰ ਵਿੱਚ ਬੰਨ੍ਹ ਕੇ ਰਖਿਆ ਹੈ। ਹਰ ਵਕਤ ਮੋਗਾ ਆਉਣ ਨੂੰ ਆਪ ਜੀ ਨੂੰ ਮਿਲਣ ਨੂੰ ਦਿਲ ਕਰਦਾ ਸੀ। ਆਪ ਜੀ ਦੇ ਨਾ ਰਹਿਣ ਨਾਲ ਲਗਦਾ ਹੈ ਕਿ ਆਖਰੀ ਜੋੜ ਜੋ ਸਾਨੂੰ ਆਪਸ ਵਿੱਚ ਜੋੜ ਕੇ ਰਖਦਾ ਸੀ ਉਹ ਵੀ ਟੁੱਟ ਗਿਆ। ਅਤੇ ਸੱਭ ਕੁਝ ਵਿਖਰਿਆ ਹੋਇਆ ਨਜਰ ਆ ਰਿਹਾ ਹੈ। ਜਹਾਜ ਤੋਂ ਪਹਿਲੀ ਵਾਰ ਜਦੋ ਦਿੱਲੀ ਸ਼ਹਿਰ ਨਜ਼ਰ ਆਇਆ ਕਰਦਾ ਸੀ ਤਾਂ ਮਨ ਜਲਦੀ ਜਮੀਨ ਤੇ ਉੱਤਰ ਕੇ ਸਭ ਨੂੰ ਮਿਲਣ ਦੇ ਲਈ ਬੇਚੈਨ ਹੋ ਜਾਂਦਾ ਸੀ। ਇਸ ਬਾਰ ਇਸ ਤਰ੍ਹਾਂ ਲਗ ਰਿਹਾ ਸੀ ਕਿ ਇਸ ਜਹਾਜ ਤੋਂ ਵਾਪਸ ਹੀ ਚਲੀ ਜਾਵਾਂ ਤਾਂ ਚੰਗਾ ਹੈ।

ਮੋਗਾ ਘਰ ਆਕੇ ਇਸ ਤਰ੍ਹਾਂ ਲਗ ਰਿਹਾ ਸੀ ਕਿ ਮੈਂ ਅਨਾਥ ਹੋ ਗਈ ਹਾਂ। ਅਸੀਂ ਭੈਣਾਂ ਅਨਾਥ ਹੋ ਗਈਆਂ ਹਾਂ। ਘਰ ਵਿੱਚ ਘੁੰਮਦੇ ਹੀ ਹੁਣ ਬਾਹਾਂ ਦੇ ਵਿੱਚ ਭਰਨ ਵਾਲਾ ਕੋਈ ਨਹੀਂ ਰਿਹਾ। ਘਰ ਵਿੱਚ ਆਕੇ ਇੱਕ-ਇੱਕ ਚੀਜ ਵਿੱਚ, ਇੱਕ ਇੱਕ ਕਮਰੇ ਵਿੱਚ ਆਪ ਜੀ ਦੀ ਯਾਦ ਸਤਾਉਣ ਲਗੀ। ਆਪ ਜੀ ਦੇ ਚੱਲਣ ਦੀ ਆਵਾਜ ਸੁਣਾਈ ਦੇਣ ਲਗੀ। ਆਪ ਜੀ ਦੇ ਬੋਲਣ ਦੀ ਆਵਾਜ ਸੁਣਾਈ ਦੇਣ ਲਗੀ। ਆਪਣੇ ਪੁਰਾਣੇ ਦਿਨ ਯਾਦ ਆਉਣ ਲਗੇ। ਆਪ ਜੀ ਨੇ ਦਿਨ ਰਾਤ ਸਾਡੇ ਲਈ ਕੀ ਕੁਝ ਨਹੀਂ ਕੀਤਾ। ਸਰਦੀ ਹੋਵੇ, ਗਰਮੀ ਹੋਵੇ, ਆਪਦੀ ਤਬੀਅਤ ਠੀਕ ਹੋਵੇ ਜਾਂ ਨਾਂ ਹੋਵੇ, ਆਪ ਨੇ ਹਮੇਸ਼ਾ ਸਾਡੇ ਸੁੱਖ ਦਾ ਸਾਡੀ ਇੱਛਾ ਦਾ ਧਿਆਨ ਰੱਖਿਆ। ਆਪਣਾ ਬਚਪਣ ਯਾਦ ਆਉਣ ਲਗਿਆ। ਜਦੋਂ ਮੈਂ ਫਿਰੋਜਪੁਰ ਦੇਵ ਸਮਾਜ ਕਾਲਜ ਪੜਨ ਦੇ ਲਈ ਗਈ ਸੀ ਉਨ੍ਹਾਂ ਦਿਨ੍ਹਾਂ

ਦੀ ਯਾਦ, ਕੁਰੁਕਸ਼ੇਤਰ ਪੜਨ ਗਈ ਸੀ ਉਨ੍ਹਾਂ ਦਿਨ੍ਹਾਂ ਦੀ ਯਾਦ ਆਉਣ ਲਗੀ।

ਸਾਨੂੰ ਘਰ ਤੋਂ ਵਿਦਾ ਕਰਦੇ ਸਮੇਂ ਜੋ ਆਪਦੀ ਹਾਲਤ ਹੋਇਆ ਕਰਦੀ ਸੀ ਉਹ ਦਿਨ ਯਾਦ ਆਉਣ ਲਗੇ। ਸ਼ਾਦੀ ਦੇ ਦਿਨ ਅਤੇ ਫਿਰ ਜਦੋਂ ਵੀ ਮੇਰਾ ਇੱਥੇ ਭਾਰਤ ਦਾ Trip ਲਗਦਾ ਉਹ ਦਿਨ, ਜਦੋਂ ਵੀ ਮੇਰੇ ਬੱਚੇ ਇਥੇ ਆਉਂਦੇ ਅਤੇ ਜਦੋਂ ਮੈ ਬੱਚਿਆਂ ਨੂੰ ਇਥੇ ਮੋਗਾ ਵਿੱਚ ਕੁਝ ਦੇਰ ਦੇ ਲਈ ਛੱਡੇ ਤਾਂ ਉਹ ਦਿਨ ਯਾਦ ਕਰਕੇ ਦਿਲ ਬੈਠਣ ਲਗਿਆ। ਆਪਨੇ ਕੀ ਕੁਝ ਨਹੀਂ ਕੀਤਾ ਮੇਰੇ ਲਈ ਅਤੇ ਮੈਂ ਆਪਦੇ ਇਨ੍ਹਾਂ ਮੁਸ਼ਕਿਲ ਦੇ ਦਿਨ੍ਹਾਂ ਵਿੱਚ ਆਪਦੇ ਪਾਸ ਵੀ ਨਾ ਪਹੁੰਚ ਸਕੀ। ਇਸ ਦਾ ਖਿਆਲ ਸਾਹਮਣੇ ਲਿਆ ਕੇ ਮਨ ਨੂੰ ਦੁੱਖ ਹੁੰਦਾ ਰਿਹਾ।

ਬੀਜੀ, ਆਪਨੇ ਆਪਣੀ ਸਾਰੀ ਉਮਰ ਪਰਿਵਾਰ ਦੀ ਸਵੇਾ ਵਿੱਚ ਹੀ ਗੁਜ਼ਾਰ ਦਿੱਤੀ। ਮੇਰਾ ਵੱਡਾ ਬੇਟਾ ਮਨੂੰ ਮੋਗਾ ਵਿੱਚ ਪੈਦਾ ਹੋਇਆ ਸੀ। ਉਸ ਸਮੇਂ ਸਾਰੀ ਰਾਤ ਮੇਰੇ ਨਾਲ ਬਿਤਾ ਕੇ ਅਤੇ ਬਾਦ ਵਿੱਚ ਸਾਡੀ ਦੋਨਾਂ ਦੀ ਜੋ ਸੇਵਾ ਕੀਤੀ ਮੈਂ ਉਸ ਨੂੰ ਕਦੇ ਭੁਲ ਨਹੀਂ ਸਕਦੀ। ਇਸ ਤਰ੍ਹਾਂ ਕਰੁਣਾ ਦਾ ਵੱਡਾ ਬੇਟਾ ਬਿਟੂ ਜਦੋਂ ਪੈਦਾ ਹੋਇਆ ਉਸ ਸਮੇਂ ਤੇ ਬਾਦ ਵਿੱਚ ਕਈ ਵਾਰ ਬਿਟੂ ਦੀ ਸੇਵਾ ਕਰਕੇ ਕਿਵੇਂ ਕਰੁਣਾ ਤੇ ਬੀਜੀ ਨੇ ਉਸਦੀ ਜਾਣ ਬਚਾਈ, ਉਹ ਕਿਸੇ ਤੋਂ ਛਿਪਿਆ ਹੋਇਆ ਨਹੀਂ ਹੈ।

ਪਾਪਾ ਜੀ ਆਪਣੇ ਵਿਉਪਾਰ ਵਿੱਚ, ਦੇਵ ਸਮਾਜ ਦੇ ਤੇ ਜਨਸੰਘ ਦੇ ਕੰਮ ਵਿੱਚ ਬਹੁਤ ਵਿਅਸਤ ਰਿਹਾ ਕਰਦੇ ਸਨ। ਘਰ ਦੀ ਸਾਰੀ ਜਿੰਮੇਵਾਰੀ ਬੀਜੀ ਦੇ ਉਪਰ ਹੀ ਸੀ। ਘਰ ਵਿੱਚ ਜਨਸੰਘ ਦੇ ਲੋਕਾਂ ਦਾ ਆਣਾ-ਜਾਣਾ ਅਤੇ ਦੁਕਾਨ ਦੇ ਕਈ ਬਾਰ ਗਾਹਕਾਂ ਦਾ ਖਾਣਾ ਵੀ ਘਰ ਤੋਂ ਹੀ ਜਾਂਦਾ ਸੀ। ਘਰ ਵਿੱਚ ਇਨ੍ਹਾ ਵੱਡਾ ਪਰਿਵਾਰ, ਬਾਬਾ ਜੀ ਦਾ ਖਾਣਾ ਵੀ ਇੱਧਰ ਸਾਡੇ ਕੋਲ ਸੀ। ਜਨਕ ਰਾਜ (ਮੇਰੀ ਮਾਸੀ ਜੀ ਦਾ ਬੇਟਾ) ਵੀ ਕਈ ਸਾਲ ਤੱਕ ਆਪ ਹੀ ਦੇ ਪਾਸ ਰਿਹਾ। ਸਾਡੇ ਮਾਸੀ ਜੀ ਦਾ ਕੋਈ ਬੱਚਾ ਨਹੀਂ ਸੀ। ਮਾਸੜ ਜੀ ਦੀ ਮੌਤ ਤੋਂ ਬਾਅਦ ਉਹ ਵੀ ਆਪਦੇ ਕੋਲ ਰਹੇ। ਲੜਕੀਆਂ ਵਾਲਾ ਘਰ ਹੋਣ ਦੇ ਕਾਰਨ ਪਾਪਾ ਜੀ ਕਿਸੇ ਵੀ ਨੌਕਰ ਨੂੰ ਘਰ ਵਿੱਚ ਰੱਖਣ ਦੇ ਖਿਲਾਫ ਸਨ। ਆਪਨੇ ਸਾਰੀ ਉਮਰ ਆਪਣੇ ਜਿਸਮ ਤੋਂ ਕੰਮ ਲਿਆ ਹੈ, ਉਸਨੂੰ ਸਾਹਮਣੇ ਲਿਆ ਕੇ ਆਪਣਾ ਆਪ ਆਪਦੇ ਸਾਹਮਣੇ ਬਿਲਕੁਲ ਤੁਛ ਨਜਰ ਆਉਂਦਾ ਹੈ। ਮੈਂ ਬੜੀ ਛੋਟੀ ਸੀ ਜਦੋਂ ਸਾਡੀ ਦਾਦੀ ਜੀ ਚਲੇ ਗਏ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਉਨ੍ਹਾਂ ਦੀ ਬੀਮਾਰੀ ਵਿੱਚ ਵੀ ਆਪਨੇ ਅਤੇ ਪਾਪਾ ਜੀ ਨੇ ਉਨ੍ਹਾਂ ਦੀ ਬਹੁਤ ਸੇਵਾ ਕੀਤੀ ਸੀ। ਦਾਦੀ ਜੀ ਦੇ ਚਲੇ ਜਾਣ ਤੋਂ ਬਾਅਦ ਆਪ ਹੀ ਨੇ ਸਾਰੇ ਰਿਸ਼ਤੇਦਾਰਾਂ ਦੇ ਨਾਲ ਸਬੰਧ ਬਣਾ ਕੇ ਰਖੇ। ਉਨ੍ਹਾਂ ਦੇ ਆਉਣਾ-ਜਾਣਾ, ਲੈਣਾ - ਦੇਣਾ, ਆਪਦੀ ਹੀ ਜਿੰਮੇਵਾਰੀ ਬਣ ਗਈ। ਜਿਸ ਨੂੰ ਆਪਣੇ ਬੜੀ ਚੰਗੀ ਤਰ੍ਹਾਂ ਨਿਭਾਇਆ। ਉਂਜ ਤਾਂ ਪਾਪਾ ਜੀ ਤਿੰਨ ਭਾਈ ਸਨ। ਲੇਕਿਨ ਮੇਰੀ ਭੂਆ ਜੀ ਦਾ ਮਾਇਕਾ ਆਪ ਹੀ ਦੇ ਕਾਰਨ ਬਣਿਆ ਹੋਇਆ ਸੀ। ਇੱਕ ਇਹ ਹੀ ਘਰ ਸੀ ਜਿੱਥੇ ਸਭ ਮਰਜੀ ਨਾਲ ਆ ਜਾ ਸਕਦੇ ਸਨ। ਆਪ ਦੇ ਨਾ ਰਹਿਣ ਨਾਲ, ਉਨ੍ਹਾਂ ਦਾ ਮਾਇਕਾ ਤਾ ਖਤਮ ਹੋਇਆ ਹੀ ਹੈ। ਅਸੀਂ ਸਭ ਭੈਣਾ ਦਾ ਮਾਇਕਾ ਵੀ ਖਤਮ ਹੋ ਗਿਆ।

ਬੀਜੀ ਆਪ ਦਾ ਜੀਵਨ ਤਾਂ ਸੇਵਾਕਾਰੀ ਤੇ ਸੁੰਦਰ ਸੀ ਹੀ, ਆਪ ਦੇਖਣ ਵਿੱਚ ਵੀ ਬਹੁਤ ਖੂਬਸੂਰਤ ਸੀ। ਲੰਬਾ ਕੱਦ, ਖੂਬਸੂਰਤ ਸ਼ਕਲ, ਗੋਰਾ ਰੰਗ ਤੇ ਖੂਬ ਘੰਨੇ ਲੰਬੇ ਬਾਲ। ਆਪ ਦੇ ਨਾਲ ਕਦੇ ਬਾਜਾਰ ਜਾਣ ਦਾ ਮੌਕਾ ਮਿਲਦਾ ਤਾਂ ਆਪਦੇ ਨਾਲ ਨਾਲ ਚਲਣਾ ਅਤੇ ਰਸਤੇ ਵਿੱਚ ਕੋਈ ਸਹੇਲੀ ਮਿਲ ਜਾਵੇ ਤਾਂ ਉਸਨੂੰ ਇਹ ਕਹਿਣਾ ਕਿ ਮੇਰੇ ਨਾਲ ਜੋ ਹੈ ਮੇਰੇ ਬੀਜੀ ਹਨ, ਕਹਿ ਕੇ ਗਰਵ ਮਹਿਸੂਸ ਹੁੰਦਾ ਸੀ।

ਆਪ ਜੀ ਦੀ ਜਿੰਦਗੀ ਨੂੰ ਦੋ ਪਨਿਆਂ ਤੇ

ਉਤਾਰਨ੍ਹਾਂ ਮੇਰੇ ਲਈ ਨਾਮੁਮਕਿਨ ਹੈ।

ਪਾਪਾ ਜੀ ਦੇ ਜਾਣ ਤੋਂ ਬਾਅਦ ਆਪ ਦੇ ਦਿਨ ਬਹੁਤ ਮੁਸ਼ਕਿਲ ਨਾਲ ਗੁਜਰੇ ਹਨ। ਪਿਛਲ 2-3 ਸਾਲਾਂ ਤੋਂ ਆਪਦੀ ਸਿਹਤ ਜਵਾਬ ਦੇ ਗਈ ਸੀ। ਆਪ ਦੀਆਂ ਇੰਨੀਆ ਬੇਟੀਆਂ ਹੋਣ ਦੇ ਬਾਵਜੂਦ ਆਪਦੀਸੇਵਾ ਵਿਚ ਬਹੁਤ ਕਮੀ ਰਹੀ ਹੈ। ਮੇਰੇ ਆਪਣੇ ਹਾਲਾਤਾਂ ਦੇ ਕਾਰਨ ਆਪਣੀ ਨੌਕਰੀ ਦੇ ਕਾਰਨ, ਹਜਾਰਾਂ ਮੀਲਾਂ ਦੀ ਦੂਰੀ ਦੇ ਕਾਰਨ ਮੈ ਉਹ ਨਹੀ ਕਰ ਪਾਈ ਜੋ ਮੈਨੂੰ ਕਰਨਾ ਚਾਹੀਦਾ ਸੀ। ਲੇਕਿਨ ਕਮਲੇਸ਼ ਤੇ ਕਰੁਣਾ ਨੇ ਆਪਣੀ ਸਮਝ ਬੂਝ ਦੇ ਅਨੁਸਾਰ ਜਿੰਨਾ ਉਨ੍ਹਾਂ ਤੋਂ ਹੋ ਸਕਿਆ ਆਪ ਜੀ ਦੀ ਸੇਵਾ ਕੀਤਾ ਹੈ। ਖਾਸਕਰ ਕਰੁਣਾ ਨੇ ਆਪਣਾ ਘਰ ਬਾਰ ਛੱਡ ਕੇ, ਮੌਂਗਾ ਆ ਕੇ ਆਪ ਦੇ ਕੋਲ ਰਹਿ ਕੇ ਦਿਨ ਰਾਤ ਆਪਦੀ ਜੋ ਸੇਵਾ ਕੀਤੀ ਹੈ, ਉਸ ਦੇ ਕਾਰਨ ਅਸੀਂ ਭੈਣਾ ਉਸਦੀਆਂ ਉਮਰ ਭਰ ਦੇ ਲਈ ਕਰਜਾਈ ਹੋ ਗਈਆਂ ਹਾਂ ! ਕਾਸ਼ ਮੈਂ ਉਸ ਦੇ ਲਈ ਕੁਝ ਕਰ ਸਕਾਂ।

ਆਪਦੇ ਜਾਣ ਨਾਲ ਸਾਡੇ ਪਰਿਵਾਰ ਵਿੱਚ ਜੋ ਕਮੀ ਆਈ ਹੈ ਉਹ ਕਦੇ ਪੂਰੀ ਨਹੀਂ ਹੋ ਸਕਦੀ। ਆਪਦੇ ਚਲੇ ਜਾਣ ਦਾ ਅਸੀਂ ਸਭ ਭੈਣਾਂ ਨੂ ਬਹੁਤ ਦੁੱਖ ਹੈ ਲੇਕਿਨ ਇਹ ਸੋਚ ਕੇ ਤਸਲੀ ਕਰਨ ਦੀ ਕੋਸ਼ਿਸ਼ ਕਰੂੰਗੀ ਕਿ ਹੁਣ ਤਕ ਆਪ ਸਾਡੇ ਕੌਲ ਸੀ ਅਤੇ ਇਕ ਲੰਬੇ ਵਿਛੋੜੇ ਤੋਂ ਬਾਅਦ ਆਪ ਜਰੂਰ ਪਾਪਾ ਜੀ ਦੇ ਨਾਲ ਰਹੋਗੇ। ਇਹ ਹੀ ਕਾਮਨਾ ਕਰਦੀ ਹਾਂ ਕਿ ਆਪ ਜੀ ਦੀ ਆਤਮਾ ਨੂ ਸ਼ਾਂਤੀ ਮਿਲੇ ਅਤੇ ਅਸੀਂ ਸੱਭ ਪਰਿਵਾਰਿਕ ਜਨ੍ਹਾਂ ਨੂੰ ਇਨ੍ਹਾਂ ਹਾਲਾਤਾਂ ਨੂ ਸਾਹਮਣਾ ਕਰਨ ਦੀ ਹਿੰਮਤ ਮਿਲੇ। ਆਪ ਜੀ ਦੀ ਪਰਲੋਕ ਯਾਤਰਾ ਵਿੱਚ ਆਉਣ ਵਾਲੀਆਂ ਸੱਭ ਸਮਸਿਆਵਾਂ ਦੂਰ ਹੋਣ ਅਤੇ ਪਰਲੋਕ ਵਾਸੀ ਧਰਮ ਸਬੰਧੀ ਉਸ ਵਿੱਚ ਜਿਆਦਾ ਤੋਂ ਜਿਆਦਾ ਸਹਾਇਕਕਾਰੀ ਬਨਣ।

ਜਦੋਂ ਤੋਂ ਪਾਪਾ ਜੀ ਗਏ ਹਨ, ਉਸ ਸਮੇਂ ਤੋਂ ਲੈਕੇ ਅੱਜ ਤੱਕ ਸਾਡੇ ਜੀਜਾ ਜੀ (ਸਵਾਮੀ ਸ਼ਰਨ ਅਗਰਵਾਲ) ਦਾ ਰੋਲ ਸਾਡੇ ਪਰਿਵਾਰ ਵਿੱਚ ਬਹੁਤ ਖੂਬਸੂਰਤ ਰਿਹਾ ਹੈ। ਉਨ੍ਹਾਂ ਨੇ ਇਸ ਪਰਿਵਾਰ ਦੀ ਬਹੁਤ ਸੇਵਾ ਕੀਤੀ ਹੈ। ਉਨ੍ਹਾਂ ਨੇ ਦਾਮਾਦ ਹੋ ਕੇ ਬੇਟੇ ਦਾ ਰੋਲ ਅਦਾ ਕੀੱਤਾ ਹੈ ਜਿਸ ਕਾਰਨ ਮੈ ਉਨ੍ਹਾਂ ਦੀ ਬਹੁਤ ਆਭਾਰੀ ਹਾਂ।

ਬੀਜੀ ਆਖਿਰ ਵਿੱਚ ਆਪਣੀਆਂ ਕਮੀਆਂ ਦੇ ਲਈ ਮੈ ਆਪ ਤੋਂ ਮੁਆਫੀ ਮੰਗਦੀ ਹਾਂ। ਅਗਰ ਆਪ ਨ ਹੋਤੇ ਤਾਂ ਅਜ ਮੈ ਵੀ ਨਾਂ ਹੁੰਦੀ।

ਇਸ ਦਾ ਅਹਿਸਾਸ ਕਰਦੇ ਹੋਏ, ਆਪਦੇ ਪਵਿੱਤਰ ਸ੍ਰੀ ਚਰਨਾਂ ਵਿੱਚ ਸਿਰ ਰੱਖ ਕੇ ਆਪ ਨੂੰ ਪ੍ਰਣਾਮ ਕਰਦੇ ਹੋਏ ਆਪ ਜੀ ਦੀ ਇਹ ਬੇਟੀ ਅੱਜ ਆਪ ਨੂੰ ਵਿਦਾ ਕਰਦੀ ਹੈ।

— ਦੇਵ ਪ੍ਰਭਾ

ਜ਼ਰੂਰੀ ਸੂਚਨਾ

ਜੇ ਤੁਸੀਂ ਹਿਤ ਸਰੋਤ ਲਈ ਕੋਈ ਲੇਖ ਭੇਜਣਾ ਹੋਵੇ, ਜਾਂ ਕੋਈ ਪਰਚਾ ਨਵਾਂ ਜਾਰੀ ਕਰਾਉਣਾ ਜਾਂ ਬੰਦ ਕਰਾਉਣਾ ਹੋਵੇ, ਚੰਦਾ ਭੇਜਣਾ ਹੋਵੇ, ਹੋਰ ਕੋਈ ਜਾਣਕਾਰੀ ਲੈਣੀ ਹੋਵੇ ਤਾਂ ਇਸ ਪਤੇ ਤੇ ਸੰਪਰਕ ਕਰੋ ।

ਸ਼੍ਰੀ ਮਾਨ ਬਲਦੇਵ ਸਿੰਘ,
House No. 3154,
Sector 21-D, Chandigarh-160022,
Phone (95-172)-2716914 / 2716139.

ਸ਼ੁਭ ਸੰਗਰਾਮ

(2 ਮਾਰਚ ਤੋਂ 13 ਮਾਰਚ ਤਕ)

2 ਮਾਰਚ ਨੂੰ ਸ਼੍ਰੀਮਾਨ ਬਲਦੇਵ ਸਿੰਘ ਜੀ, ਸ਼੍ਰੀਮਾਨ ਓਮ ਪ੍ਰਕਾਸ਼ ਜੀ ਵਰਮਾ, ਸ਼੍ਰੀਮਾਨ ਮਧੂ-ਸੁਧਨ ਜੀ ਦੀ ਪਾਰਟੀ ਚੰਡੀਗੜ ਤੋਂ 11 ਵਜੇ ਬਾਅਦ ਰਵਾਨਾ ਹੋਈ। 1½ ਵਜੇ ਸੰਗਰੂਰ ਸ਼੍ਰੀਮਾਨ ਸੀਤਾ ਰਾਮ ਜੀ ਨੂੰ ਮਿਲੇ। ਉਥੇ ਸਭ ਨੇ ਭੋਜਨ ਪਾਇਆ ਤੇ ਅੱਗੇ ਰਵਾਨਾ ਹੋ ਗਏ। ਰਾਸਤੇ ਵਿੱਚ ਸ਼੍ਰੀਮਾਨ ਬਲਬਹਾਦਰ ਸਿੰਘ ਜੀ ਵੀ ਨਾਲ ਸ਼ਾਮਲ ਹੋ ਗਏ।

ਜੰਡਵਾਲਾ 5 ਵਜੇ ਦੇ ਕਰੀਬ ਪੁੱਜੇ। ਉਥੇ ਸਾਬਕਾ ਸਰਪੰਚ ਮੋਹਰ ਸਿੰਘ ਜੀ ਦੇ ਘਰ ਪੁੱਜੇ। ਉਨ੍ਹਾਂ ਦੇ ਜਵਾਨ ਪੁਤਰ ਦੀ ਅਤੀ ਦੁਖਦਾਈ ਮੌਤ ਦਾ ਅਫਸੋਸ ਕੀਤਾ। ਦੁਖ ਸਾਂਝਾ ਕਰਨ ਦੀ ਕੋਸ਼ਿਸ਼ ਕੀਤੀ। ਫੇਰ ਪਾਰਟੀ ਥਰਾਜਵਾਲਾ ਪੁੱਜੀ। ਸ਼੍ਰੀਮਾਨ ਬਲਦੇਵ ਸਿਘ ਜੀ ਸ਼੍ਰੀਮਾਨ ਬਲਬਹਾਦੁਰ ਜੀ ਦੋਵੇ ਕੁਝ ਧਰਮ ਸਬੰਧੀਆਂ ਦੇ ਘਰ ਘਰ ਜਾਕੇ ਮਿਲ ਕੇ ਆਏ।

ਥਰਾਜਵਾਲਾ ਵਿਖੇ ਰਾਤ ਨੂੰ ਸਭਾ ਕੀਤੀ ਗਈ। ਇਸ ਵਿੱਚ 15-18 ਜਨ ਆ ਕੇ ਸ਼ਾਮਲ ਹੋਏ। ਸਭਾ ਵਿੱਚ ਦੱਸਿਆ ਗਿਆ ਕਿ ਗੁਰੂ ਮਹਾਰਾਜ ਨੇ ਵੀ ਇਕ ਲਛਮਨ ਰੇਖਾ ਖਿੱਚੀ ਹੈ। ਜੋ ਉਨ੍ਹਾਂ ਦੀ ਸੀਮਾ ਵਿੱਚ ਰਹਿੰਦੇ ਹਨ, ਉਹ ਸਦਾ ਸੁਖੀ ਰਹਿੰਦੇ ਹਨ ਤੇ ਹਾਲਾਤ ਅਨੁਸਾਰ ਵਿਕਾਸ ਪਾਉਂਦੇ ਹਨ। ਗੁਰੂ ਮਹਾਰਾਜ ਨੇ ਮਿੱਥਿਆ ਸਬੰਧੀ, ਪਾਪਾਚਾਰ ਸਬੰਧੀ, ਨੀਚ ਸੰਗਤ ਦੇ ਸਬੰਧ ਵਿਚ ਖਾਸ ਰੇਖਾ ਖਿੱਚੀ ਹੈ, ਉਸਦਾ ਪਾਲਨ ਬੜਾ ਹੀ ਲੋੜਵੰਦ ਹੈ। ਸਭਾਪਤੀ ਜੀ ਨੇ ਆਪਣੀ ਮਿਸਾਲ ਦੇਕੇ ਤੇ ਹੋਰ ਜਨਾਂ ਦੇ ਸੁੰਦਰ ਦ੍ਰਿਸ਼ਟਾਂਤਾਂ ਦਾ ਵਰਣਨ ਕੀਤਾ ਤੇ ਗੁਰੂ ਦੀ ਰੇਖਾ ਦੇ ਅੰਦਰ ਅੰਦਰ ਰਹਿਣ ਦੀ ਪ੍ਰੇਰਨਾ ਕੀਤੀ।

3 ਮਾਰਚ ਨੂੰ ਦਿਨ ਦੇ 3 ਵਜੇ ਇਕ ਸਭਾ ਕੀਤੀ। ਇਹ ਸਭਾ ਸ਼੍ਰੀਮਾਨ ਬਲਬਹਾਦਰ ਸਿੰਘ ਜੀ ਨੇ ਕਰਾਈ। ਸਭਾ ਵਿੱਚ ਦੱਸਿਆ ਗਿਆ ਕਿ ਵਿਕਾਸ ਦਾ ਸਾਥ ਦੇਣ ਨਾਲ ਮਨੁੱਖ ਤਰੱਕੀ ਕਰਦਾ ਹੈ। ਉਚਾ ਉਠਦਾ ਹੈ। ਵਿਕਾਸ ਪਾਉਂਦਾ ਹੈ। ਨਾ ਸਾਥ ਦੇਣ ਨਾਲ ਉਸਦਾ ਪਛੜਨਾ ਜਰੂਰੀ ਹੈ। ਨਵੇਂ ਬੀਜ ਦਾ, ਨਵੀ ਸਵਾਰੀ, ਨਵੇਂ ਇਲਾਜ ਨਵੀਂ ਕਾਢ, ਸਭ ਦਾ ਸਾਥ ਦੇਣ ਨਾਲ ਵਿਕਾਸ ਆਉਂਦਾ ਹੈ। ਨਾ ਦੇਣ ਨਾਲ ਪਿੱਛੜਦਾ ਹੈ। ਘਾਟਾ ਖਾਂਦਾ ਹੈ। ਦੁਖੀ ਹੁੰਦਾ ਹੈ। ਦੇਵ ਆਤਮਾ ਨੇ ਜੋ ਸੰਗਤ ਅਤੇ ਸਿਖਿਆ ਪੈਦਾ ਕੀਤੀ ਹੈ ਉਹ ਬਿਲਕੁਲ ਨਵੀਂ ਤੇ ਅਨੋਖੀ ਹੈ, ਉਸ ਨਾਲ ਜੁੜਨ ਦੇ ਨਾਲ ਮਨੁੱਖ ਸਭ-ਪਖੀ ਵਿਕਾਸ ਪਾਉਂਦੇ ਹਨ, ਜੋ ਛੱਡਦੇ ਹਨ ਉਹ ਪਛੜ ਜਾਂਦੇ ਹਨ, ਹਾਨੀ ਉਠਾਉਂਦੇ ਹਨ ਤੇ ਬੇ-ਹਦ ਘਾਟੇ ਵਿੱਚ ਰਹਿੰਦੇ ਹਨ। ਸ਼੍ਰੀਮਾਨ ਬਲਦੇਵ ਸਿੰਘ ਜੀ ਨੇ ਵੀ ਇਸ ਵਿਸ਼ੇ ਨੂੰ ਹੋਰ ਸਾਫ ਕਰਨ ਦਾ ਜਤਨ ਕੀਤਾ।

ਰਾਤ ਨੂੰ ਫੇਰ ਇਕ ਸਭਾ ਕੀਤੀ ਗਈ। ਇਹ ਸਭਾ ਸ਼੍ਰੀਮਾਨ ਬਲਦੇਵ ਸਿੰਘ ਜੀ ਨੇ ਕਰਾਈ। ਇਸ ਵਿੱਚ ਦੱਸਿਆ ਗਿਆ ਕਿ ਦੁਨੀਆਂ ਵਿੱਚ ਅਸਰਾਂ ਦਾ ਖੇਲ ਜਾਰੀ ਹੈ। ਬੁਰੇ ਅਸਰਾਂ ਨਾਲ ਘਿਰ ਕੇ ਇਨਸਾਨ ਮਹਾਂ ਹਾਨੀ ਉਠਾਉਂਦਾ ਹੈ, ਬਰਬਾਦ ਹੁੰਦਾ ਹੈ। ਇਸ ਨੂੰ ਸਿੱਧ ਕਰਨ ਲਈ ਉਦਾਹਰਣ ਪੇਸ਼ ਕੀਤੇ ਗਏ। ਉੱਚ ਅਸਰਾਂ ਵਿੱਚ ਆ ਕੇ ਮਨੁੱਖ ਨਵੀ ਹੋਸ਼ ਪਾਉਂਦਾ ਹੈ, ਰੱਖਿਆ ਪਾਉਂਦਾ ਹੈ। ਵਿਕਾਸ ਪਾਉਂਦਾ ਹੈ। ਗੁਰੂ ਮਹਾਰਾਜ ਦੇ ਅਸਰ ਸਭ ਤੋਂ ਹੀ ਮਹਾਨ ਹਨ। ਉਨ੍ਹਾਂ ਨੂੰ ਪ੍ਰਾਪਤ ਕਰਕੇ ਮਨੁੱਖ ਤਬਾਹੀ ਤੋਂ ਰੱਖਿਆ ਪਾਉਂਦਾ ਹੈ ਤੇ ਨਾਂਨਾਂ ਵੱਡ ਮੁਲੇ ਹਿਤਾਂ ਦਾ ਭਾਗੀ ਬਣਦਾ ਹੈ। ਇਸ ਸਭਾ ਵਿੱਚ 15 ਦੇ ਕਰੀਬ ਜਨ ਸਨ।

4 ਤਾਰੀਖ ਨੂੰ ਬਾਹਰ ਤੋਂ ਇਕ ਬਾਪ ਬੇਟਾ ਪੁੱਜੇ। ਜੰਡਵਾਲਾ ਤੋਂ ਸ੍ਰੀ ਮੋਹਰ ਸਿੰਘ ਜੀ ਤੇ ਉਨ੍ਹਾਂ ਦਾ ਪੋਤਾ ਪੁੱਜੇ। ਕੁਝ ਜਨ ਹੋਰ ਇੱਕਠੇ ਹੋ ਗਏ ਸਨ।

ਉਨ੍ਹਾਂ ਨਾਲ ਗੁਰੂ ਦੀ ਸੰਗਤ ਕਿਵੇਂ ਮਾਨਵ ਰੱਖਿਆ ਲਈ ਜਰੂਰੀ ਹੈ ਉਸ ਉਪਰ ਸ਼੍ਰੀਮਾਨ ਜੀ ਸਭ ਨੂੰ ਕੋਈ 1½ ਘੰਟਾ ਸਮਝਾਉਂਦੇ ਰਹੇ। ਸਭ ਨੇ ਏਸ ਸਤਿਸੰਗ ਦੀ ਲੋੜ ਨੂੰ ਮਹਿਸੂਸ ਕੀਤਾ ਤੇ ਉਸ ਤੋਂ ਲਾਭ ਉਠਾਉਣ ਦੀ ਲੋੜ ਮਹਿਸੂਸ ਕੀਤੀ। ਸਵੇਰ 9 ਤੋਂ ਕੋਈ 1½ ਵਜੇ ਤੱਕ ਹਿਤਕਰ ਗਲ ਬਾਤ ਹੁੰਦੀ ਰਹੀ। ਮਹਾਂ ਸਿੰਘ ਜੀ ਨੇ ਸੋ ਰੁਪਏ ਅਖਬਾਰਾਂ ਦਾ ਚੰਦਾ ਦਿੱਤਾ।

ਸ਼ਾਮ ਨੂੰ ਇਹ ਪਾਰਟੀ ਗੰਗਾ ਨਗਰ ਹੁੰਦੀ ਹੋਈ ਪਦਮਪੁਰ ਪੁਜ ਗਈ।

ਪਦਮਪੁਰ (ਰਾਜਸਥਾਨ) : ਰਾਤ ਦੇ ਸਾਡੇ 8 ਵਜੇ ਸਭਾ ਕੀਤੀ ਗਈ। ਇਸ ਵਿੱਚ35-40 ਇਸਤਰੀ ਪੁਰਖ ਆ ਕੇ ਸ਼ਾਮਲ ਹੋਏ। ਸ਼੍ਰੀਮਾਨ ਬਲਦੇਵ ਸਿੰਘ ਜੀ ਨੇ ਦੱਸਿਆ ਕਿ ਇਨਸਾਨ ਨੂੰ ਨਵੀਂ ਰੋਸ਼ਨੀ, ਨਵੇਂ ਵਿਚਾਰ, ਨਵੇਂ ਖਿਆਲ, ਨਵੀਂ ਕਾਢ ਨੂੰ ਸਵਾਗਤ ਕਰਨ ਦੀ ਲੋੜ ਹੈ। ਉਸ ਤੋਂ ਲਾਭ ਉਠਾਉਣ ਦੀ ਲੋੜ ਹੈ। ਨਹੀਂ ਤਾਂ ਇਨਸਾਨ ਨੁਕਸਾਨ ਉਠਾਵੇ ਗਾ ਪਿੱਛੇ ਰਹਿ ਜਾਵੇਗਾ।

ਧਰਮ ਚੰਗੇ ਬਨਣ ਦਾ ਨਾਂ ਹੈ, ਪਾਠ, ਜਾਪ, ਪੂਜਾ ਦਾ ਨਾਂ ਨਹੀਂ। ਚੰਗਾ ਦੂਜਿਆਂ ਨਾਲ ਚੰਗਾ ਵਿਹਾਰ ਕਰਨ ਨਾਲ ਬਣਦਾ ਹੈ। ਜਿਸ ਦੇ ਵਿਹਾਰ ਚੰਗੇ ਨਹੀਂ, ਉਸ ਪਾਸ ਧਰਮ ਨਹੀਂ।

ਗੁਰੂ ਮਹਾਰਾਜ ਚੰਗੇ ਇਨਸਾਨ ਬਨਾਉਣ ਦਾ ਕਾਰਜ ਕਰਦੇ ਹਨ। ਸ੍ਰੀਮਾਨ ਰਾਮ ਸਿੰਘ ਜੀ ਦਾ ਜੀਵਨ ਕਿੱਥੋਂ ਚੁਕ ਕੇ ਉਚਾ ਬਣਾਇਆ, ਇਹ ਉਦਾਹਰਣ ਪੇਸ਼ ਕੀਤਾ ਗਿਆ, ਹਾਜਰੀਨ ਬਹੁਤ ਪ੍ਰਭਾਵਤ ਹੋ ਰਹੇ ਸਨ। ਅੱਗੇ ਤੋਂ ਸਭਾ ਸ਼ਾਮ ਸਾਡੇ 8 ਵਜੇ ਸਭਾ ਰਖਣ ਦਾ ਪ੍ਰੋਗਰਾਮ ਬਣਾਇਆ ਗਿਆ।

5 ਮਾਰਚ ਸਵੇਰ ਦੀ ਸਭਾ ਵੀ ਸ੍ਰੀਮਾਨ ਬਲਦੇਵ ਸਿੰਘ ਜੀ ਨੇ ਕਰਵਾਈ। ਇਸ ਵਿੱਚ 20 ਦੇ ਕਰੀਬ ਜਨ ਆਏ। ਇਸ ਵਿੱਚ ਦੱਸਿਆ ਗਿਆ ਕਿ ਧਰਮ ਜੀਵਨ ਜਾਂ, ਜੀਵਨ ਪੱਥ, ਬਿਲਕੁਲ ਵੱਖ ਚੀਜ ਹੈ। ਧੰਨ ਸੰਪਦ ਜਾਂ ਮਾਨ ਵਡਿਆਈ ਆਦਿ ਦਾ ਧਰਮ ਨਾਲ ਕੋਈ ਸਬੰਧ ਨਹੀਂ। ਇਨ੍ਹਾਂ ਦੀ ਪ੍ਰਾਪਤੀ ਜੀਵਨ ਦਾ ਨਾਸ਼ ਕਰਦੀ ਹੈ। ਧਰਮ ਜੀਵਨ ਦੀ ਪ੍ਰਾਪਤੀ ਲਈ ਜੀਵਨ ਤੱਤ ਦੇ ਗਿਆਨ ਦੀ ਪਰਮ ਅਵੱਸ਼ਕਤਾ ਹੈ। ਜੀਵਨ ਤੱਤ ਤੋਂ ਅੰਧ ਰਹਿ ਕੇ ਲੱਖਾਂ ਕਰੋੜਾਂ ਜਨ ਨਸ਼ਟ ਹੋ ਰਹੇ ਹਨ। ਗੁਰੂ ਮਹਾਰਾਜ ਨੇ ਹੀ ਜੀਵਨ ਤੱਤ ਦਿਖਾਇਆ ਹੈ। ਆਪਣੇ ਚੋਂ ਨਿਕਲ ਕੇ ਪਰ ਦੇ ਕੰਮ ਆਉਣਾ ਚਾਹੀਦਾ ਹੈ।

5 ਵਜੇ ਸ਼ਾਮ ਨੂੰ ਫੇਰ ਸਭਾ ਕੀਤੀ ਗਈ। ਕੁਝ ਜਨ ਆ ਕੇ ਕੁਝ ਸਵਾਲ ਪੁੱਛਦੇ ਰਹੇ। ਜਿਸ ਦੇ ਉਨ੍ਹਾਂ ਨੂੰ ਠੀਕ ਉਤਰ ਦਿੱਤੇ ਗਏ। ਉਨ੍ਹਾਂ ਅਗਲੇ ਦਿਨ ਵੀ ਏਸੇ ਪ੍ਰਕਾਰ ਮਿਲ ਬੈਠਣ ਦੀ ਇੱਛਾ ਪ੍ਰਗਟ ਕੀਤੀ।

ਰਾਤ ਨੂੰ ਸਾਡੇ 8 ਵਜੇ ਹੋਰ ਸਭਾ ਕੀਤੀ ਗਈ। ਇਸ ਵਿੱਚ ਹਾਜਰੀ ਬਹੁਤ ਚੰਗੀ ਹੋ ਗਈ। ਗਜ ਸਿੰਘ ਪੁਰ ਤੋਂ ਕੁਲ 9 ਜਨ ਪੁੱਜੇ। ਸਥਾਨੀ ਜਨ ਵੀ ਚੰਗੀ ਸੰਖਿਆ ਵਿੱਚ ਪੁੱਜੇ ਸਭਾ ਸਥਾਨ ਪੂਰਾ ਭਰ ਗਿਆ ਸੀ। ਇਸ ਸਭਾ ਵਿੱਚ ਦੱਸਿਆ ਗਿਆ ਕਿ ਹਰ ਮਨੁਖੀ ਆਤਮਾ ਰੋਗੀ ਹੈ। ਆਤਮਾ ਦੀ ਹਾਨੀ ਹੋ ਰਹੀ ਹੈ। ਐਪਰ ਮਨੁੱਖ ਨੂੰ ਨਜਰ ਨਹੀਂ ਆਉਂਦਾ। ਆਤਮ ਰੋਗਾਂ ਦੀ ਲਿਸਟ ਇਕ ਇਕ ਰੋਗ ਬਾਰੇ ਮੋਟਾ ਮੋਟਾ ਬਿਆਨ ਕਰਕੇ ਦੱਸੀ ਗਈ। ਦੱਸਿਆ ਗਿਆ ਕਿ ਕੇਵਲ ਦੇਵ ਆਤਮਾ ਹੀ ਸਾਨੂੰ ਸਾਡੇ ਰੂਹਾਨੀ ਰੋਗ ਭਿਆਨਕ ਰੂਪ ਵਿੱਚ ਦਸਦੇ ਹਨ ਅਤੇ ਉਹ ਹੀ ਸਾਨੂੰ ਉਨ੍ਹਾਂ ਤੋਂ ਮੁਕਤ ਕਰਦੇ ਹਨ।

6 ਮਾਰਚ ਐਤਵਾਰ ਸਵੇਰੇ ਸਾਡੇ 8 ਵਜੇ :- ਇਹ ਸਭਾ ਵੀ ਸ੍ਰੀਮਾਨ ਬਲਦੇਵ ਸਿੰਘ ਜੀ ਨੇ ਕਰਾਈ। ਇਸ ਸਭਾ ਵਿੱਚ ਵੀ ਹਾਜਰੀ ਬਹੁਤ ਅੱਛੀ ਸੀ। ਕੋਈ 40 ਜਨਾਂ ਦੇ ਕਰੀਬ ਸਨ। ਇਸ ਸਭਾ ਵਿੱਚ ਦੱਸਿਆ ਗਿਆ ਕਿ ਜੀਵਨ ਪਥ ਕੁਝ ਵਿਸ਼ੇਸ਼ ਚੀਜ ਹੈ, ਇਹ ਜਾਪ ਤੱਪ, ਜੋਗ ਸਮਾਧੀ, ਗੀਤੀ ਸੋਧਨ, ਤੀਰਥ ਯਾਤਰਾਂ ਨਾਲ, ਰਾਜ ਅੰਦੋਲਣ, ਜਸ਼ਕੀਰਤੀ,

ਪਦ ਉਪਾਧੀ, ਆਦਿ ਨਾਲ ਕੋਈ ਸਬੰਧ ਨਹੀਂ ਰੱਖਦਾ। ਧਰਮ ਦਾ ਸਬੰਧ ਆਤਮ ਤੱਤ, ਆਤਮ ਗਿਆਨ ਨਾਲ, ਆਤਮਾ ਦੀ ਰੱਖਿਆ ਅਤੇ ਆਤਮਾ ਦੇ ਵਿਕਾਸ ਨਾਲ ਹੈ। ਸਭਾ ਭਾਵੇਂ ਸਰੋਤਿਆਂ ਦੇ ਸੰਸਕਾਰਾਂ ਤੇ ਵਿਸ਼ਿਆਂ ਵਿਰੁੱਧ ਹੀ ਸੀ ਤਾਂ ਵੀ ਉਹ ਬਹੁਤ ਟਿਕ ਕੇ ਤੇ ਸ਼ਾਂਤੀ ਪੂਰਵਕ ਲਾਭ ਉਠਾਉਂਦੇ ਰਹੇ।

5 ਵਜੇ ਤੋਂ 7 ਵਜੇ ਤਕ 6 ਜਨ ਆ ਕੇ ਹਿਤਕਰ ਬਾਤ ਚੀਤ ਕਰਦੇ ਤੇ ਪੁੱਛ ਗਿੱਛ ਕਰਦੇ ਰਹੇ। ਇਕ ਜਨ ਨੇ ਟੀ. ਵੀ. ਵਿੱਚ ਸਭਾਵਾਂ ਦਾ ਨੋਟਸ ਦੇਣ ਲਈ ਇਕ ਅਧਿਕਾਰੀ ਨੂੰ ਬੁਲਾਇਆ ਤੇ ਨੋਟਸ ਲਿਖਾ ਕੇ ਉਸ ਨੂੰ ਦੇ ਦਿੱਤਾ।

ਇਕ ਪੱਤਰਕਾਰ ਜੀ ਨੂੰ ਵੀ ਬੁਲਾਇਆ ਤੇ ਸਭਾਂਵਾਂ ਦਾ ਨੋਟਸ ਦੇਣ ਲਈ ਉਨ੍ਹਾਂ ਨੂੰ ਮੈਟਰ ਲਿਖਵਾ ਦਿੱਤਾ। ਉਨ੍ਹਾਂ ਸਭ ਨੇ ਹੋਰ ਸਹਾਇਤਾ ਕਰਨ ਦੀ ਵੀ ਇੱਛਾ ਦਰਸਾਈ।

ਰਾਤ ਸਾਡੇ 8 ਵਜੇ ਫੇਰ ਸਭਾ ਕੀਤੀ ਗਈ। ਉਸ ਵਿੱਚ ਦੱਸਿਆ ਗਿਆ ਕਿ "ਬੇ ਮੁਖ ਹੋਇਆ ਰਾਮ ਤੋਂ ਬਿਆਪਣ ਸਭੇ ਰੋਗ।" ਠੀਕ ਨਹੀਂ। ਮਨੁੱਖ ਦੀਆਂ ਸਭ ਔਕੜਾਂ ਦੁਖਾਂ, ਕਸ਼ਟਾਂ, ਅਪਮਾਨਾਂ, ਅਸਫਲਤਾਵਾਂ, ਗਰੀਬੀ, ਰੋਗ, ਕਲੈਹਿ, ਕਲੇਸ਼ ਆਦਿ ਦਾ ਇਕੋ ਇਕ ਕਾਰਨ ਹੈ। ਉਹ ਹੈ ਉਸਦੇ ਨੀਚ ਅਨੁਰਾਗ ਤੇ ਨੀਚ ਘ੍ਰਿਨਾਵਾਂ। ਇਸ ਸਚਾਈ ਨੂੰ ਉਦਾਹਰਣਾਂ ਦੁਆਰਾ ਪੇਸ਼ ਕੀਤਾ ਗਿਆ। ਇਸ ਸਭਾ ਵਿੱਚ ਹਾਜਰੀ ਕਾਫੀ ਸੀ। ਮਿੱਥਿਆ ਧਰਮਾਂ ਦੇ ਖਿਲਾਫ ਬਿਆਨ ਕੀਤਾ ਗਿਆ।

7 ਮਾਰਚ ਦੀ ਸਵੇਰ ਸਾਡੇ 8 ਵਜੇ ਫੇਰ ਸਭਾ ਕੀਤੀ। ਇਹ ਸਭਾ ਵੀ ਸ੍ਰੀਮਾਨ ਬਲਦੇਵ ਸਿੰਘ ਜੀ ਨੇ ਕਰਾਈ। ਹਾਜਰੀ ਚੰਗੀ ਸੀ 40 ਦੇ ਕਰੀਬ ਜਨ ਹੋਣਗੇ। ਇਸ ਸਭਾ ਵਿੱਚ ਦੱਸਿਆ ਗਿਆ ਕਿ ਉਚ ਭਾਵਾਂ ਦਾ ਨਾਂ ਹੀ ਧਰਮ ਹੈ। ਉੱਚ ਭਾਵ ਹਨ ਤਾਂ ਧਰਮ ਹੈ, ਬਿਨਾਂ ਉੱਚ ਭਾਵਾਂ ਤੋਂ ਕੋਈ ਧਰਮ ਨਹੀਂ। ਖੇਤੀ ਵਾਂਗ ਸੰਗਰਾਮ ਕਰਕੇ ਉਚ ਭਾਵ ਪੈਦਾ ਕਰਨੇ ਪੈਣਗੇ। ਸ਼ਰਧਾ ਭਾਵ ਦੀ ਬਣਤਰ ਦਾ ਬਿਆਨ ਕੀਤਾ। ਇਹ ਉਹ ਅੱਖ ਹੈ ਜਿਸ ਨਾਲ ਮਹਾਨ ਜੀਵਨ ਦਿਸਦਾ ਹੈ। ਗੁਣ ਤੇ ਵਸਫ ਦਿਸਦੇ ਹਨ। ਇਨ੍ਹਾਂ ਅੱਗੇ ਹਿਰਦੇ ਝੁਕਦਾ ਹੈ। ਆਪਣਾ ਆਪ ਤੁੱਛ ਲਗਦਾ ਹੈ। ਬਾਰ ਬਾਰ ਮਹਾਨ ਜੀਵਨ ਦੇਖ ਦੇਖ ਸਿਰ ਨਿਵਾ ਨਿਵਾ ਦਿਲ ਝੁਕਾ ਝੁਕਾ ਸ਼ਰਧਾ ਭਾਵ ਵਧ ਜਾਂਦਾ। ਮਹਾਨ ਜੀਵਨ ਦੇਖਣ ਦੀ ਅੱਖ ਬਣ ਜਾਂਦੀ ਹੈ। ਇਸ ਨਾਲ ਧਰਮ ਆਉਣ ਲੱਗਦਾ ਹੈ। ਇਹ ਧਰਮ ਜੀਵਨ ਦਾ ਮੂਲ ਹੈ। ਸਭਾਪਤੀ ਨੇ ਦੱਸਿਆ ਕਿ ਉਹ ਕਿਵੇਂ ਦੂਜਿਆਂ ਦੇ ਗੁਣਾਂ ਜਾਂ ਮਹਾਨ ਜੀਵਨ ਨੂੰ ਦੇਖਦੇ ਹਨ। ਕਿਵੇ, ਰਾਜਾ ਰਾਮ ਮੋਹਨ ਰਾਏ, ਕਿਵੇਂ ਭਗਤ ਪੂਰਨ ਸਿੰਘ ਨੂੰ ਦੇਖ ਦੇਖ ਕੇ ਆਪਣੀ ਸੱਚੀ ਤੁਛਤਾ ਨੂੰ ਦੇਖ ਦੇ ਹਨ। ਉਚ ਰਸ ਨਾਲ ਭਰਦੇ ਹਨ। ਇਹ ਸਭਾ ਦੇ ਚੰਗੇ ਪ੍ਰਭਾਵਾ ਦੇ ਲਈ ਹਾਜਰੀਨ ਨੇ ਮਹਿਸੂਸ ਕੀਤੇ।

ਰਾਤ ਨੂੰ ਸਭਾ ਵਿੱਚ ਹਾਜਰੀ ਬਹੁਤ ਚੰਗੀ ਸੀ। ਕੁਝ ਬੀਬੀਆਂ ਤੇ ਪੁਰਸ਼ ਗਜ ਸਿੰਘ ਪੁਰਾ ਤੋਂ ਹੋਰ ਪੁੱਜ ਗਏ ਸਨ। ਲੋਕਲ ਅਖਬਾਰ ਵਿੱਚ ਵੀ ਸਭਾਵਾਂ ਦਾ ਨੋਟਿਸ ਛਪ ਗਿਆ ਸੀ। Zee T.V. ਦੇ ਚੈਨਲ ਤੇ ਹੇਠਾਂ ਸਭਾਵਾਂ ਦਾ ਪ੍ਰੋਗਰਾਮ ਦੱਸਿਆ ਜਾਂਦਾ ਰਿਹਾ। ਰਾਤ ਦੀ ਸਭਾ ਵਿੱਚ ਦੱਸਿਆ ਗਿਆ ਕਿ ਮਨੁਖ ਦੇ ਸਰੂਪ ਤੋਂ ਦੇਵ ਆਤਮਾ ਨੇ ਪੜਦਾ ਚੁਕਿਆ ਹੈ। ਮਨੁੱਖ ਜੋਤ ਸਰੂਪ ਜਾਂ ਬਰਹਮ ਸਵਰੂਪ ਨਹੀਂ। ਉਹ ਨੀਚ ਸੁਖਾਂ ਨਾਲ ਗਰਕਿਆ ਹੋਇਆ ਹੈ। ਪਾਪੀ ਤੇ ਪਿਸ਼ਾਚ ਹੈ। ਦੁਰਾਚਾਰੀ ਤੇ ਹਾਨੀਕਾਰਕ ਹੈ। ਇਹ ਆਪਣਾ ਸ਼ਤਰੂ ਤੇ ਦੂਜਿਆਂ ਦਾ ਸ਼ਤਰੂ ਹੈ। ਇਹ ਅਸੁਰਫ ਉਲ ਮਖਲੂਕਾਤ ਨਹੀਂ। ਅਜਿਹੀ ਫਿਤਰਤ ਨੂੰ ਇਸ ਭੇੜੀਆ ਫਿਤਰਤ ਨੂੰ ਬਦਲਣ ਦਾ ਕੰਮ ਦੇਵ ਆਤਮਾ ਕਰ ਰਹੇ ਹਨ। ਇਹ ਸਭਾ ਚੰਗੀ ਪ੍ਰਭਾਵ ਭਰਪੂਰ ਰਹੀ।

8 ਮਾਚਰ ਸਵੇਰ ਦੀ ਸਭਾ ਵਿੱਚ ਦੱਸਿਆ ਗਿਆ ਕਿ ਕਿਰਤੱਗਤਾ ਧਰਮ ਦਾ ਜਰੂਰੀ ਅੰਗ ਹੈ। ਇਸ ਬਿਨਾਂ ਕੋਈ ਧਰਮ ਨਹੀਂ ਹੁੰਦਾ। ਇਸ ਭਾਵ ਬਿਨਾਂ ਸਬੰਧਾਂ ਵਿਚ ਨਰਕ ਪੈਦਾ ਹੁੰਦਾ ਹੈ। ਸ਼ੁਕਰਗੁਜ਼ਾਰ

ਹਿਰਦਿਆਂ ਦੀ ਕੈਫੀਅਤ ਦਾ ਬਿਆਨ ਕੀਤਾ ਗਿਆ। ਹਰ ਮਨੁਖ ਦੂਜਿਆਂ ਦਾ ਉਪਕ੍ਰਿਤ ਹੈ। ਦੂਜੇ ਉਪਕਾਰੀ ਦਿਖਦੇ ਨਹੀਂ। ਉਪਕਾਰੀਆਂ ਨੂੰ ਸਿਤਾਇਆ ਜਾਂਦਾ ਹੈ। ਉਪਕਾਰਾਂ ਦਾ ਕਰਜਾ ਲਾਹੁਣਾ ਬਹੁਤ ਔਖਾ ਹੈ। ਨਾ ਮੁਮਕਨ ਹੈ। "ਧਰੂੰ ਮੈਂ ਧਿਆਨ ਸਤਿਗੁਰੂ ਜੀ ਤੁਮ੍ਹਾਰਾ" ਵਾਲਾ ਭਜਨ ਇਕ ਇਕ ਪਦ ਪੜ੍ਹ ਕੇ ਸੁਣਾਇਆ। ਦੇਵ ਆਤਮਾ ਨਾ ਸ਼ੁਕਰਿਆ ਨੂੰ ਸ਼ੁਕਰ ਗੁਜਾਰ ਬਣਾਉਂਦੇ ਹਨ। ਇਹ ਸਭਾ ਵੀ ਚੰਗੀ ਜੋਰਦਾਰ ਹੋਈ। ਸਭਾਪਤੀ ਨੇ ਆਪਣੇ ਉਪਕਾਰੀਆਂ ਦਾ ਬਿਆਨ ਭਰੇ ਹਿਰਦੇ ਨਾਲ ਕੀਤਾ।

ਰਾਤ ਦੀ ਸਭਾ ਤੋਂ ਪਹਿਲਾਂ ਸ੍ਰੀਮਾਨ ਬਲਬਹਾਦਰ ਸਿੰਘ ਜੀ ਆ ਗਏ। ਇਸ ਸਭਾ ਵਿੱਚ ਵੀ ਹਸਬ ਮਾਮੂਲ ਹਾਜਰੀ ਚੰਗੀ ਸੀ। ਇਸ ਸਭਾ ਵਿੱਚ ਦੱਸਿਆ ਗਿਆ ਕਿ ਮਨੁਖ ਜੀਵਨ ਦਾ ਲਖਸ਼ ਕੀ ਹੈ। ਮਹਿਜ ਧਨ ਕਮਾਉਣਾ ਲਖਸ਼ ਨਹੀਂ। ਵਿਦਿਆ ਧਨ, ਪਦਵੀ, ਉਪਾਧੀ, ਪਰਮਾਤਮਾ ਦੀ ਪ੍ਰਾਪਤੀ ਸਵਰਗ, ਜੂਨਾਂ ਤੋਂ ਮੁਕਤੀ, ਇਨ੍ਹਾਂ ਸਭ ਵਿਚੋਂ ਕੋਈ ਵੀ ਮਨੁਖ ਦਾ ਲਖਸ਼ ਨਹੀਂ। ਗੁਰੂ ਮਹਾਰਾਜ ਨੇ ਦੱਸਿਆ ਹੈ, ਕਿ ਆਪਣੇ ਆਤਮਾਂ ਦਾ ਗਿਆਨ ਅਤੇ ਉਸਦਾ ਕਲਿਆਣ ਕਰਨਾ ਮਨੁੱਖ ਦਾ ਲਖਸ਼ ਹੈ। ਆਤਮ ਗਿਆਨ ਤੇ ਆਤਮ ਕਲਿਆਣ ਹੀ ਮਨੁਖ ਦਾ ਸੱਤਿ ਲਖਸ਼ ਹੈ। ਇਸ ਦੀ ਸੁੰਦਰ ਵਿਆਖਿਆ ਕੀਤੀ। ਜੋ ਗੁਰੂ ਮਹਾਰਾਜ ਨੇ ਮਨੁਖ ਦਾ ਲਖਸ਼ ਦੱਸਿਆ ਹੈ ਉਸ ਦੀ ਸਰਲ ਵਿਆਖਿਆ ਕੀਤੀ ਗਈ। ਹਾਜਰੀ ਬਾਵਜੂਦ ਬਾਰਸ਼ ਆਦਿ ਦੇ ਚੰਗੀ ਜੁੱਟੀ ਰਹੀ। ਸਭਾ ਤੋਂ ਕੋਈ ਉਪਰਾਮ ਨਹੀਂ ਹੋਇਆ, ਸਭ ਧਿਆਨ ਪੂਰਵਕ ਸੁਣਦੇ ਰਹੇ ਤੇ ਲਾਭ ਉਠਾਉਂਦੇ ਰਹੇ।

9 ਮਾਰਚ ਸਵੇਰ ਦੀ ਸਭਾ ਵੀ ਸ੍ਰੀਮਾਨ ਬਲਦੇਵ ਸਿੰਘ ਜੀ ਨੇ ਕਰਾਈ, ਪਹਿਲੋਂ "ਦੇਤੇ ਹੈ ਧੰਨਵਾਦ" ਵਾਲਾ ਭਜਨ ਗਾਇਆ ਗਿਆ। ਫੇਰ ਦਿਆ ਦੇ ਭਾਵ ਦੀ ਜਰੂਰਤ ਅਤੇ ਅਜ਼ਮਤ ਦਾ ਬਿਆਨ ਕੀਤਾ ਗਿਆ। ਦੱਸਿਆ ਗਿਆ ਕਿ ਜੋ ਜਨ ਕਿਸੇ ਹੋਰ ਦੇ ਕੰਮ ਨਹੀਂ ਆਉਂਦਾ, ਕੇਵਲ ਆਪਣੇ ਲਈ ਹੀ ਜੀਂਦਾ ਹੈ, ਉਹ ਜੋਂਕ ਹੈ, ਉਸ ਪਾਸ ਧਰਮ ਨਹੀਂ। "ਦਿਆ ਬਿਨਾ ਧਰਮ ਦੇ ਦਾਅਵੇ ਜਿਉਂ ਘੀ ਬਾਝੋਂ ਪਕਵਾਨ", ਹੁੰਦਾ ਹੈ। ਜੇ ਪਰ ਦੁਖ, ਪਰ ਪੀੜ ਤੁਹਾਨੂੰ ਹਿਲਾਉਂਦੀ ਨਹੀਂ, ਤਾਂ ਧਰਮ ਨਹੀਂ। ਸੁਨਾਮੀ ਕਾਂਡ ਦੇਖ ਕੇ ਜੋ ਕੁੱਝ ਹਿੱਲਿਆ ਨਹੀਂ ਝੜਿਆ ਨਹੀਂ, ਉਥੇ ਧਰਮ ਨਹੀਂ, ਪਰ ਪੀੜ ਦੇਖ ਕੇ ਉਸ ਨੂੰ ਨਿਵਾਰਣ ਕਰਨ ਲਈ ਕੁਰਬਾਨੀਆਂ ਕਰਨ ਵਾਲਿਆ ਦੇ ਸੱਚੇ ਉਦਾਹਾਰਣ ਪੇਸ਼ ਕੀਤੇ ਗਏ। ਬਹੁਤ ਸੁੰਦਰ ਵਾਤਾਵਰਣ ਬਣਿਆ। ਕਈ ਜਨ ਅੱਖਾਂ ਵਿੱਚ ਹੰਝੂ ਬਹਾ ਰਹੇ ਸਨ। ਇਕ ਜਨ ਨੇ ਖੜੇ ਹੋ ਕੇ ਆਪਣੀ ਪਤਨੀ ਦੇ ਸਬੰਧ ਵਿੱਚ ਆਪਣੇ ਕਠੋਰ ਵਿਹਾਰ ਨੂੰ ਦੇਖ ਕੇ ਬਿਆਕੁਲ ਹੋ ਉਠੇ, ਉਸ ਲਈ ਮੁਆਫੀ ਮੰਗਣ ਲਈ ਮਜਬੂਰ ਹੋ ਗਏ ਤੇ ਸਭਾ ਵਿੱਚ ਪ੍ਰਕਾਸ਼ ਕਰਨ ਲਈ ਬੇਬੱਸ ਹੋ ਰਹੇ ਸਨ। ਗੁਰੂ ਮਹਾਰਾਜ ਦੇ ਕਾਰਜ ਦੀ ਧਾਕ ਕਈ ਦਿਲਾਂ ਤੇ ਪੈਂਦੀ ਮਹਿਸੂਸ ਹੋ ਰਹੀ ਸੀ।

ਦੁਪਹਿਰ ਬਾਅਦ 4 ਵਜੇ ਸ੍ਰੀਮਾਨ ਬਲਬਹਾਦਰ ਸਿੰਘ ਜੀ ਨਾਲ ਇਕ ਪਾਰਟੀ ਗਜ ਸਿੰਘ ਪੁਰ ਨੂੰ ਰਵਾਨਾ ਹੋਈ। ਉਥੇ 5 ਵਜੇ ਉਨ੍ਹਾਂ ਇਕ ਸਭਾ ਕਰਾਈ। ਇਸ ਸਭਾ ਵਿਚ 40 ਦੇ ਲੱਗਭਗ ਹਾਜਰੀ ਸੀ। ਨੇਚਰ ਵਿੱਚ ਸਭ ਘਟਨਾਵਾਂ ਨੇਚਰ ਦੇ ਨਿਯਮਾਂ ਮੁਤਾਬਕ ਘਟਦੀਆਂ ਹਨ। ਨਿਯਮ ਅਟੱਲ ਹਨ। ਇਸ ਕਰਕੇ ਇਨ੍ਹਾਂ ਦੇ ਉਲਟ ਕੋਈ ਘਟਨਾ ਨਹੀਂ ਪੈਦਾ ਕੀਤੀ ਜਾ ਸਕਦੀ। ਧਰਮ ਜਾਂ ਪਾਪ ਇਹ ਸਭ ਨੇਚਰ ਦੇ ਨਿਯਮਾਂ ਅਨੁਸਾਰ ਹੀ ਹੁੰਦੇ ਹਨ।

ਸਾਡੇ 8 ਵਜੇ ਰਾਤ ਦੀ ਸਭਾ ਪਦਮਪੁਰ ਵਿਖੇ ਸਬੰਧਾਂ ਦੇ ਵਿਸ਼ੇ ਵਿੱਚ ਕਰਾਈ ਗਈ। ਸਬੰਧਾਂ ਬਗੈਰ ਕੋਈ ਵਿਕਾਸ ਸੰਭਵ ਨਹੀਂ। ਕੋਈ ਸਮਝ ਕੋਈ ਗਿਆਨ ਸੰਭਵ ਨਹੀਂ। ਦੇਵ ਆਤਮਾ ਸਤਿਗੁਰੂ ਨੇ ਸਬੰਧਾਂ ਨੂੰ ਕਿਨਾਂ ਭਾਵਾਂ ਨਾਲ ਧਾਰਮਿਕ ਤੇ ਵਿਕਾਸਕਾਰੀ ਬਣਾਇਆ ਜਾ ਸਕਦਾ ਹੈ ਇਸ ਦੀ ਸਿਖਿਆ ਦਿੱਤੀ ਹੈ। ਅਨੇਕਾ ਜਨਾਂ ਨੂੰ ਸਬੰਧਾਂ ਵਿਚ ਧਾਰਮਿਕ ਜੀਵਨ

ਜਿਉਣ ਦੇ ਲਾਇਕ ਬਣਾਇਆ ਹੈ। ਧਰਮ ਦੀ ਸੱਚੀ ਤਸਵੀਰ ਜਗਤ ਸਾਮਹਣੇ ਰੱਖੀ ਹੈ। ਸਭਾਪਤੀ ਨੇ ਆਪਣੇ ਸਬੰਧਾਂ ਵਿੱਚ ਆਏ ਉੱਚ ਪਰਿਵਰਤਨ ਵੱਲ ਵੀ ਧਿਆਨ ਫੇਰਿਆ।

10 ਮਾਰਚ, 2005 ਸਵੇਰੇ 8.30 ਵਜੇ : ਇਕ ਸਭਾ ਸ੍ਰੀਮਾਨ ਬਲਦੇਵ ਸਿੰਘ ਜੀ ਨੇ ਕਰਾਈ। ਸਭਾ ਸਥਾਨ ਸਰੋਤਿਆਂ ਨਾਲ ਖਚਾ ਖਚ ਭਰ ਗਿਆ ਸੀ। ਸ੍ਰੀ ਸਭਾਪਤੀ ਜੀ ਨੇ ਦੱਸਿਆ ਚੌਥਾ ਪੱਖ ਜਿਸ ਦੇ ਵਿਸ਼ੇ ਵਿੱਚ ਇਨਸਾਨ ਅਕਸਰ ਅੰਧਕਾਰ ਵਿਚ ਹੀ ਰਹਿੰਦਾ ਹੈ, ਉਹ ਹੈ ਉਸਦਾ ਆਪਣੀਆਂ ਗਲਤੀਆਂ, ਆਪਣੀਆਂ ਕਮੀਆਂ, ਆਪਣੀਆਂ ਕਮਜੋਰੀਆਂ, ਆਪਣੀਆਂ ਗੁਸਤਾਖੀਆਂ ਵੱਲ ਧਿਆਨ ਦਾ ਨਾ ਜਾਣਾ। ਵਿਸ਼ਵ ਵਿਚ ਵਿਕਾਸ ਦੇ ਕ੍ਰਮ ਵਿੱਚ ਦੇਵ ਆਤਮਾ ਅੰਦਰ ਇਹ ਯਕਤਾ ਸਮਰੱਥ ਪੈਦਾ ਹੋਈ ਹੈ ਕਿ ਜੋ ਇਨਸਾਨ ਦਾ ਧਿਆਨ ਉਸ ਦੇ ਆਪਣੇ ਨੀਚ ਜੀਵਨ ਵੱਲ ਫੇਰਦੀ ਹੈ। ਇਨਸਾਨ ਅਪਣਾ ਨੀਚ ਜੀਵਨ ਦੇਖਣ ਲਈ ਤੇ ਸਵੀਕਾਰ ਕਰਨ ਲਈ ਤਿਆਰ ਹੋ ਜਾਂਦਾ ਹੈ।ਆਪਦੇ ਨੀਚ ਜੀਵਨ ਤੋਂ ਮੁਕਤ ਹੋਣ ਲਈ ਲੋਚਦਾ ਹੈ। ਦੇਵ ਆਤਮਾ ਦੀ ਦੇਵ ਜੋਤੀ ਜਦੋਂ ਮਨੁਸ਼ ਆਤਮਾ ਅੰਦਰ ਪ੍ਰਵੇਸ਼ ਕਰਦੀ ਹੈ ਤਾਂ ਉਹ ਉਸ ਦੀ ਅਸਲ ਹਾਲਤ ਉਸ ਤੇ ਪ੍ਰਗਟ ਕਰਦੀ ਹੈ। ਬੱਚੇ ਮਾਤਾ ਪਿਤਾ ਸਬੰਧੀ ਆਪਣੇ ਗਲਤ ਸਲੂਕਾਂ ਨੂੰ ਦੇਖਣ ਲਈ ਮਜਬੂਰ ਹੁੰਦੇ ਹਨ। ਇਸ ਤਰ੍ਹਾਂ ਬਾਕੀ ਸਬੰਧਾਂ ਵਿਚ ਵੀ ਮਨੁਖ ਆਪਣਾ ਪ੍ਰਕਿਰਤ ਰੂਪ ਦੇਖ ਕੇ ਸ਼ਰਮਸਾਰ ਹੁੰਦੇ ਹਨ। ਇਸ ਤੋਂ ਬਾਅਦ ਸਭਾਪਤੀ ਜੀ ਨੇ ਹਾਜਰੀਨ ਨੂੰ ਆਪਣੇ ਭਾਵ ਪ੍ਰਕਾਸ਼ ਕਰਨ ਲਈ ਪ੍ਰੇਰਨਾ ਕੀਤੀ।

ਪਦਮਪੁਰ ਵਿਖੇ ਆਖਰੀ ਸਭਾ ਤੋਂ ਬਾਅਦ ਕੁਝ ਲੋਕਾਂ ਨੇ ਆਪਣੇ ਆਪ ਭਾਵ ਪ੍ਰਕਾਸ਼ ਕੀਤੇ ਜੋ ਇਸ ਪ੍ਰਕਾਰ ਸਨ।

ਸ੍ਰੀ ਗੋਪਾਲ ਜੀ : ਇਸ ਦਰ ਤੇ ਆਕੇ ਆਪਣੀਆਂ ਨੀਚਤਾਵਾਂ ਨਜ਼ਰ ਆਉਣ ਲਗੀਆ ਹਨ। ਸਭਾਵਾਂ ਵਿੱਚ ਸਫਰ ਵਿੱਚ, ਘਰ ਵਿੱਚ ਹੁਣ ਚੰਗੇ ਵਿਚਾਰ ਚਲਦੇ ਹਨ। ਮੈਂ ਜੁੱਤੀਆਂ ਖਾਣ ਤੇ ਮੂੰਹ ਕਾਲਾ ਕਰਵਾਉਣ ਤੋਂ ਗੁਰੂ ਮਹਾਰਾਜ ਦੀ ਕ੍ਰਿਪਾ ਦੁਆਰਾ ਬਚ ਗਿਆ ਹਾਂ। ਸ਼ਰਧਾ ਭਾਵ ਬਾਰੇ ਕੁਝ ਸਮਝ ਆਈ ਹੈ। ਦੂਜਿਆਂ ਦੇ ਗੁਣ ਨਜਰ ਆਉਣ ਲੱਗੇ ਹਨ। ਆਪਣੇ ਜੀਵਨ ਦਾ ਕੁਝ ਪਤਾ ਚੱਲਿਆ ਹੈ ਕਿ ਮੈਂ ਕਿੰਨੇ ਪਾਣੀ ਦੇ ਵਿੱਚ ਹਾਂ। ਅਜਿਹੇ ਸਤਿਸੰਗ ਦੀ ਬਹੁਤ ਗਹਿਰੀ ਲੋੜ ਮਹਿਸੂਸ ਹੋਈ ਹੈ। ਧੰਨ ਹਨ ਜੋ ਇਸ ਵਿੱਚ ਹੀ ਸੰਗਰਾਮ ਕਰਦੇ ਹਨ। ਗਜਸਿੰਘ ਪੁਰ ਕੇਵਲ ਇੱਕ ਸਭਾ ਰਖੀ ਗਈ ਜੋ ਬਹੁਤ ਥੋੜੀ ਮਹਿਸੂਸ ਹੋਈ।

ਸ਼ਿਵਦਰਸ਼ਨ ਜੀ :- ਆਪਣਾ ਜੋ ਸਮਾਂ ਬਾਕੀ ਰਹਿ ਗਿਆ ਹੈ ਉਸਨੂੰ ਭਲੇ ਕੰਮਾਂ ਵਿੱਚ ਲਾਉਣਾ ਹੈ। ਇਹ ਗਹਿਰਾਈ ਨਾਲ ਮਹਿਸੂਸ ਹੋਇਆ ਹੈ। ਅਸੀਂ ਆਪਣੇ ਜਾਤੀਵਾਦ ਨੂੰ ਲੈਕੇ ਲੜਦੇ ਹਾਂ। ਇਸ ਤੋਂ ਨਿਕਲਣਾ ਹੈ। ਛੋਟਾ ਦਿਲ ਨਹੀ ਰਖਣਾ। ਇਸ ਤੋਂ ਨਿਕਲਣਾ ਹੈ। ਭਲੀ ਸੰਗਤ ਵਿੱਚ ਆਕੇ ਹੋਸ਼ ਆਉਂਦੀ ਹੈ। ਆਪਣੀ ਗਲਤੀ ਦੇ ਲਈ ਮਾਫੀ ਮੰਗਣ ਦੀ ਲੋੜ ਮਹਿਸੂਸ ਹੋਈ ਹੈ। ਮੈਂ ਕੁਝ ਸਭਾਵਾਂ ਨਹੀਂ ਸੁਣ ਸਕਿਆਂ। ਇਸ ਦਾ ਦੁੱਖ ਅਤੇ ਅਫਸੋਸ ਹੋ ਰਿਹਾ ਹੈ। ਸਾਡਾ ਅਹੰ ਤੇ ਸਾਡਾ ਲੋਭ ਦਿਸਦਾ ਹੈ। ਅਸੀਂ ਦਹੇਜ ਲੈਂਦੇ ਹਾਂ। ਅਸੀਂ ਲੜਕੇ ਦਾ ਵੀ ਦਹੇਜ ਲੈਂਦੇ ਹਾਂ। ਇੰਨਾ ਚੀਜਾ ਤੋਂ ਬਚਣ ਦਾ ਖਿਆਲ ਆਉਂਦਾ ਰਿਹਾ ਹੈ। ਇਕ ਆਲਾ ਖਾਣਦਾਨ ਦੇ ਬੱਚੇ ਨੂੰ ਡਰਗਸ ਲੈਣ ਦੀ ਆਦਤ ਪੈ ਗਈ ਹੈ। ਉਸ ਪ੍ਰਤੀ ਹਮਦਰਦੀ ਮਹਿਸੂਸ ਹੋਈ ਹੈ। ਉਸਨੂੰ ਬਚਾਉਣ ਦੀ ਜਰੂਰਤ ਮਹਿਸੂਸ ਹੋਈ ਹੈ। ਪਹਿਲਾ ਮੈਨੂੰ ਆਪਣੇ ਉਪਕਾਰੀਆਂ ਦਾ ਕੋਈ ਪਤਾ ਨਹੀਂ ਲਗਦਾ ਸੀ। ਹੁਣ ਕੁਝ ਪਤਾ ਲਗਣ ਲੱਗਿਆ ਹੈ। ਅਸੀਂ ਸਾਰੇ ਮਿਲ ਕੇ ਦੁੱਖੀ ਤੇ ਲੋੜਵੰਦ ਵਿਧਵਾਵਾਂ ਦੇ ਰਹਿਣ ਲਈ ਕੁਝ ਕਮਰੇ ਬਣਵਾ ਸਕੀਏ ਇਹ ਹੀ ਮੇਰੀ ਬੇਨਤੀ ਹੈ।

ਸ੍ਰੀਮਤੀ ਗੀਟਾ ਜੀ : ਮੈਂ ਗੋਪਾਲ ਜੀ ਦੀ ਸਹਾਇਤਾ

ਨਾਲ ਸਤਿਸੰਗ ਵਿੱਚ ਆਉਣ ਲਗੀ ਹਾਂ। ਇੱਥੇ ਆ ਕੇ ਆਪਣੀਆਂ ਕਮੀਆਂ ਨਜਰ ਆਉਣ ਲੱਗੀਆਂ ਹਨ। ਮੇਰੇ ਅੰਦਰ ਮਿੱਥਿਆ ਵਿਸ਼ਵਾਸ ਹਨ। ਮੈਨੂੰ ਆਪਦੇ ਮਿੱਥਿਆ ਵਿਸ਼ਵਾਸ ਵੀ ਨਜਰ ਆਏ ਹਨ। ਉਨ੍ਹਾਂ ਵਿਚੋਂ ਨਿਕਲਣ ਦੀ ਲੋੜ ਮਹਿਸੂਸ ਹੋਈ ਹੈ।

ਇੱਕ ਜਨ : ਆਪਣੇ ਮਾਤਾ ਪਿਤਾ ਦੇ ਸਬੰਧ ਵਿੱਚ ਵਾਰ ਵਾਰ ਧਿਆਨ ਆਉਂਦਾ ਰਿਹਾ। ਉਨ੍ਹਾਂ ਅੱਗੇ ਨਤਮੱਸਤਕ ਹੋਣ ਦੀ ਜੋਰਦਾਰ ਪ੍ਰੇਰਨਾ ਮਹਿਸੂਸ ਹੁੰਦੀ ਰਹੀ। ਉਨ੍ਹਾਂ ਨੂੰ ਗ੍ਰੰਥ ਦੀ ਤਰ੍ਹਾਂ ਸਤਿਕਾਰ ਦੇਣ ਦਾ ਭਾਵ ਪੈਦਾ ਹੋਇਆ ਹੈ। ਮਾਤਾ ਪਿਤਾ ਦੀ ਸੇਵਾ ਕਰਾਗਾਂ। ਸਵੇਰੇ ਉੱਠ ਕੇ ਪ੍ਰਣਾਮ ਕਰਿਆ ਕਰੂੰਗਾ। ਉਨ੍ਹਾਂ ਦੀ ਆਗਿਆ ਮਨਿਆ ਕਰੂੰਗਾ।

ਸ੍ਰੀ ਤੁਲਸੀ ਦਾਸ ਜੀ : ਇਸ ਜਗ੍ਹਾ ਆ ਕੇ ਆਪਣੇ ਅੰਧਵਿਸ਼ਵਾਸ ਨਜਰ ਆਏ ਹਨ। ਉਨ੍ਹਾਂ ਤੋਂ ਬਚਣ ਦੀ ਜਰੂਰਤ ਮਹਿਸੂਸ ਹੋਈ ਹੈ। ਸਤਿਸੰਗ ਵਿੱਚ ਆ ਕੇ ਵਿਵੇਕ ਆ ਰਿਹਾ ਹੈ। ਪਹਿਲਾਂ ਨਾਲੋਂ ਬਹੁਤ ਭਲਾ ਹੁੰਦਾ ਮਹਿਸੂਸ ਹੋ ਰਿਹਾ ਹੈ।

ਸ੍ਰੀ ਦੌਲਤ ਸਿੰਘ ਜੀ : ਸਤਿਸੰਗ ਬਹੁਤ ਚੰਗਾ ਲਗਦਾ ਹੈ। ਇਥੇ ਆ ਕੇ ਬਹੁਤ ਫਾਇਦਾ ਹੋਇਆ ਹੈ। ਮੇਰਾ ਗ੍ਰਹਿਕਾਂ ਦੇ ਨਾਲ ਸਲੂਕ ਬਦਲ ਰਿਹਾ ਹੈ। ਇੱਕ ਗ੍ਰਾਹਿਕ ਮੇਰੀ ਖਰੀਦ ਤੋਂ ਵੀ ਘੱਟ ਕੀਮਤ ਦੇਣਾ ਚਾਹੁੰਦਾ ਸੀ। ਮੈਨੂੰ ਉਸ ਤੇ ਬਹੁਤ ਗੁਸਾ ਆ ਰਿਹਾ ਸੀ। ਮੇਰਾ ਜੀ ਕਰਦਾ ਸੀ ਕਿ ਉਸਨੂੰ ਧੱਧਕਾਰ ਕੇ, ਦੁਕਾਨ ਵਿਚੋਂ ਕੱਢ ਦੇਵਾਂ। ਐਪਰ ਸਤਿਸੰਗ ਨੇ ਮੈਨੂੰ ਨਮਰਤਾ ਦਿਤੀ, ਮੈਂ ਹੱਥ ਜੋੜ ਕੇ, ਉਸ ਕੀਮਤ ਤੇ ਉਹ ਸੌਦਾ ਨਾ ਦੇਣ ਦੀ ਮਜਬੂਰੀ ਪ੍ਰਗਟ ਕੀਤੀ। ਇਸ ਨਾਲ ਗ੍ਰਹਿਕ ਝੱਟ ਵਾਜਿਬ ਕੀਮਤ ਦੇ ਕੇ ਸੌਦਾ ਲੈ ਗਿਆ। ਜੇਕਰ ਮੈਂ ਉਸਨੂੰ ਧਿਕਾਰ ਦਿੰਦਾ ਤਾਂ ਅੱਗੇ ਲਈ ਵੀ ਉਸ ਗ੍ਰਹਿਕ ਨੂੰ ਖੋ ਦਿੰਦਾ। ਇਹ ਸੰਗਤ ਦੀ ਦੇਣ ਹੈ।

ਸ੍ਰੀ ਭੀਮ ਸੈਨ ਜੀ ਮਿੱਤਲ (ਗੱਜ ਸਿੰਘ ਪੁਰ) : ਸਤਿਸੰਗ ਤੋਂ ਬਹੁਤ ਲਾਭ ਹੋਇਆ ਹੈ। ਮੇਰਾ ਆਪਣੇ ਬਚਿਆਂ ਪ੍ਰਤੀ ਵਿਵਹਾਰ ਸਖਤ ਤੇ ਕਠੋਰ ਹੈ। ਮੇਰੇ ਬੱਚੇ ਮੈਥੋਂ ਚੰਗੇ ਹਨ। ਇੰਨਾ ਦੀ ਉਮਰ ਵਿੱਚ ਮੈ ਅਜਿਹਾ ਨਹੀ ਸੀ। ਆਪਣੇ ਮਾਤਾ ਪਿਤਾ ਪ੍ਰਤੀ ਆਪਣੀਆਂ ਕਮੀਆਂ ਤੇ ਦੋਸ਼ ਨਜਰ ਆਏ ਹਨ। (ਭਰੇ ਦਿਲ ਨਾਲ) ਬਹੁਤ ਦੁੱਖ ਤੇ ਪਛਤਾਵਾਂ ਹੋ ਰਿਹਾ ਹੈ। ਹੁਣ ਕੁਝ ਹੋ ਨਹੀਂ ਸਕਦਾ। ਕਾਸ਼ ਮੈਂ ਇਸ ਸਤਿਸੰਗ ਤੋਂ ਹੋਰ ਲਾਭ ਉਠਾ ਸਕਾ। ਉਨ੍ਹਾਂ ਨੇ 500 ਰੁ ਦਾਨ ਵਜੋਂ ਦਿੱਤੇ। ਕੁਝ ਜਨ੍ਹਾਂ ਨੇ ਹੋਰ ਦਾਨ ਵੀ ਆਪਣੇ ਆਪ ਦਿੱਤਾ। ਕੁਲ 1000 ਰੁ ਉਥੋਂ ਦਾਨ ਪ੍ਰਾਪਤ ਹੋਇਆ। ਇਸ ਪ੍ਰਕਾਰ ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਤੇ ਸਹਾਇਕਾਰੀ ਸ਼ਕਤੀਆਂ ਦੀ ਕ੍ਰਿਪਾ ਦੁਆਰਾ ਕਿਸੇ ਅੰਸ਼ ਇਹ ਸੰਗਰਾਮ ਸਫਲ ਹੋਇਆ।

ਖੁਸ਼ੀ ਦੀ ਗੱਲ ਹੈ ਕਿ ਪਦਮਪੁਰ ਵਿਖੇ ਕਾਫੀ ਖਰਚ ਕਰ ਕੇ ਇੱਕ ਮਕਾਨ ਖਰੀ ਦ ਕਰ ਲਿਆ ਗਿਆ ਹੈ। ਜਿਸ ਵਿੱਚ ਹੋਰ ਕਮਰਿਆਂ ਆਦਿ ਦੇ ਛੁੱਟ 20×25 ਦਾ ਸਾਧਨ ਮੰਦਿਰ ਤਿਆਰ ਹੋ ਰਿਹਾ ਹੈ। ਇਸ ਪ੍ਰਕਾਰ ਮਿਸ਼ਨ ਦਾ ਏਥੇ ਆਪਣਾ ਨਵਾਂ ਸਥਾਨ ਬਣ ਜਾਵੇਗਾ।

ਇਸੇ ਪ੍ਰਕਾਰ ਮਲੇਕਾਂ ਵਿਖੇ Main road ਦੇ ਉੱਪਰ ਮੰਦਿਰ ਦੇ ਲਈ ਤਕਰੀਬਣ 3 ਕਨਾਲ ਦੀ ਜਗ੍ਹਾ ਖਰੀਦ ਲਈ ਗਈ ਹੈ। ਉਮੀਦ ਹੈ ਕਿ ਜਲਦ ਹੀ ਸਭਾ ਸਾਧਨ ਉਸ ਸਥਾਨ ਤੇ ਹੋਣੇ ਸ਼ੁਰੂ ਹੋ ਜਾਣਗੇ।

ਮੱਲੇਕਾਂ (ਸਿਰਸਾ) ਸ਼ਾਮ 8.00 ਵਜੇ : ਪਦਮਪੁਰ ਤੋਂ ਸ੍ਰੀ ਮਾਨ ਬਲਦੇਵ ਸਿੰਘ ਜੀ ਸ੍ਰੀਮਾਨ ਉਮ ਪ੍ਰਕਾਸ਼ ਜੀ ਵਰਮਾ ਤੇ ਸ੍ਰੀਮਾਨ ਬਲਬਹਾਦਰ ਸਿੰਘ ਜੀ ਮੱਲੇਕਾਂ (ਹਰਿਆਣਾ) 8.00 ਵਜੇ ਪਹੁੰਚੇ। ਸਭਾ ਸਥਾਨ ਵਿੱਚ ਵਿਛਾਈ ਕੀਤੀ ਹੋਈ ਸੀ, ਕਈ ਧਰਮ ਸਬੰਧੀ ਕੇਸੂਪੁਰਾ ਤੋਂ ਵੀ ਟਰੈਕਟਰ ਦੁਆਰਾ ਪਹੁੰਚੇ ਹੋਏ ਸਨ। 8.15 ਵਜੇ ਤੱਕ ਸਭਾ ਸ਼ੁਰੂ ਹੋਈ ਤਦ ਤੱਕ 55-60 ਦੇ ਕਰੀਬ ਹਾਜਰੀ ਹੋ ਗਈ ਸੀ। ਸ੍ਰੀਮਾਨ ਬਲਬਹਾਦੁਰ ਸਿੰਘ ਜੀ ਨੇ ਇਹ ਸਭਾ ਕਰਵਾਈ। ਜਿਸ ਵਿੱਚ ਇਹ

ਦੱਸਿਆ ਕਿ ਧਰਮ ਤੋਂ ਇਨਸਾਨੀਅਤ ਦੀ ਮੰਗ ਇਹ ਹੈ ਕਿ ਉਸ ਨੂੰ ਜਾਤੀ ਤੌਰ ਤੇ ਉਸ ਦੇ ਨੀਚ ਭਾਵਾਂ ਤੋਂ ਖਤਰੇ ਹਨ ਉਨ੍ਹਾਂ ਤੋਂ ਬਚਾਵੇ। ਨਸ਼ਾ ਪ੍ਰੇਮ ਤੇ ਉਸ ਦੀ ਦਾਸਤਾ, ਕਾਮ ਵਾਸਨਾ ਦੀ ਗੁਲਾਮੀ ਦਾ ਜਿਕਰ ਕਰਦੇ ਹੋਏ ਸ੍ਰੀਮਾਨ ਸਃ ਅਨੋਖ ਸਿੰਘ ਜੀ , ਅਤੇ ਸ੍ਰੀਮਾਨ ਪੰਡਤ ਨੇਤ ਰਾਮ ਜੀ ਦੇ ਜੀਵਨ ਪਰਿਵਰਤਨਾਂ ਦਾ ਸੰਖੇਪ ਸੁੰਦਰ ਦ੍ਰਿਸ਼ ਪੇਸ਼ ਕੀਤਾ। ਉਨ੍ਹਾਂ ਦੇ ਜੀਵਨ ਨਾ ਸਿਰਫ ਉਨ੍ਹਾਂ ਲਈ ਬਚ ਗਏ ਬਲਕਿ ਸਮਾਜਿਕ ਸੇਵਾ ਦੇ ਵੀ ਉਨ੍ਹਾ ਬਹੁਤ ਸਰਾਹਨਾ ਯੋਗ ਉਦਾਹਰਨ ਪੇਸ਼ ਕੀਤੇ। ਧਰਮ ਦਾ ਕਾਰਜ ਨਿੱਜੀ ਰੱਖਿਆ ਤੋਂ ਅੱਗੇ ਪਰਿਵਾਰਕ ਤੇ ਸਮਾਜਿਕ ਸੇਵਾ ਹੈ। ਜੋ ਜਨ ਇਸ ਸੱਚੇ ਧਰਮ ਕਾਰਜ ਵਿਚ ਯੋਗਦਾਨ ਪਾਉਂਦੇ ਰਹਿਣਗੇ, ਉਨ੍ਹਾਂ ਦਾ ਅਸਤਿਤ ਬਣਿਆ ਰਹੇਗਾ ਤੇ ਵਿਕਾਸ ਕਰੇਗਾ। ਦੇਵ ਆਤਮਾ ਨੇ ਦੇਵ ਧਰਮ ਦੀ ਸਥਾਪਨਾ ਕਰਕੇ ਇਹ ਨਿਰਾਲਾ ਧਰਮ ਕਾਰਜ ਕੀਤਾ ਹੈ ਜੋ ਧਰਮ ਦੀਆਂ ਸਾਰੀਆਂ ਮੰਗਾਂ ਪੂਰੀਆਂ ਕਰਦਾ ਹੈ। ਪਾਪਾਂ (ਅੱਠ) ਸਬੰਧੀ ਪ੍ਰਤਿਗਿਆਵਾਂ ਰੱਖਿਆ ਦਾ ਬੀਮਾ ਕਰ ਦਿੰਦੀਆਂ ਹਨ। ਬਰਬਾਦ ਹੁੰਦੇ ਜੀਵਨ ਬੱਚ ਜਾਂਦੇ ਹਨ। ਪਰਿਵਾਰ ਉਜੜਨ ਤੋਂ ਬਚ ਜਾਂਦੇ ਹਨ, ਸਮਾਜਿਕ ਸੇਵਾ ਵਿੱਚ ਉਤਮ ਯੋਗਦਾਨ ਪਾਉਣ ਲਈ ਆਤਮਾ ਪ੍ਰੇਰਨਾ ਤੇ ਉਤਸ਼ਾਹ ਮਹਿਸੂਸ ਕਰਦੇ ਹਨ। ਸਭਾਪਤੀ ਨੇ ਆਪਣਾ ਨਿੱਜੀ ਪਰਿਵਰਤਨ ਵੀ ਦੱਸਿਆ ਜੋ ਦੇਵ ਪ੍ਰਭਾਵਾਂ ਦਾ ਹੀ ਅਸਚਰਜ ਕ੍ਰਿਸ਼ਮਾ ਹੈ। ਦੇਵ ਧਰਮ ਦੀ ਮਹਿਮਾ ਵਰਨਣ ਕਰਦੇ ਹੋਏ ਇਹ ਸਭਾ 10.00 ਵਜੇ ਦੇ ਕਰੀਬ ਸਮਾਪਤ ਹੋਈ।

11 ਮਾਰਚ ਸਵੇਰ ਇੱਕ ਸਭਾ ਕੀਤੀ ਗਈ। ਇਸ ਸਭਾ ਦੇ ਸਭਾਪਤੀ ਸ੍ਰੀਮਾਨ ਬਲਬਹਾਦੁਰ ਸਿੰਘ ਜੀ ਸਨ। ਇਸ ਵਿੱਚ ਕਰੀਬ 50 ਦੇ ਕਰੀਬ ਜਨ ਆ ਕੇ ਸ਼ਾਮਿਲ ਹੋਏ। ਇਸ ਵਿੱਚ ਦੱਸਿਆ ਗਿਆ ਕਿ ਮਨੁੱਖ ਕੋਈ ਵੀ ਕੰਮ ਆਪਦੇ ਭਾਵਾਂ ਤੋਂ ਪ੍ਰਚਾਲਿਤ ਹੋ ਕੇ ਕਰਦਾ ਹੈ। ਅਗਰ ਉੱਚ ਭਾਵਾਂ ਦੁਆਰਾ ਪਰਿਚਾਲਤ ਹੋ ਕੇ ਅਸੀਂ ਕੋਈ ਕੰਮ ਕਰਦੇ ਹਾਂ ਤਾਂ ਸਾਡਾ ਧਾਰਮਿਕ ਦੁਨੀਆਂ ਵਿੱਚ ਵਾਸ ਹੋ ਜਾਂਦਾ ਹੈ। ਗੁਰੂ ਮਹਾਰਾਜ ਅਧਿਕਾਰੀ ਆਤਮਾਵਾਂ ਵਿੱਚ ਕਿਸ ਪ੍ਰਕਾਰ ਧਾਰਮਿਕ ਭਾਵ ਪੈਦਾ ਕਰਦੇ ਹਨ ਉਨ੍ਹਾਂ ਦਾ ਵਰਨਣ ਵਿਸਤਾਰ ਨਾਲ ਕੀਤਾ ਗਿਆ। ਖਾਸ ਕਰ ਹਾਨੀ ਪਰਿਸ਼ੋਧ ਦੇ ਭਾਵ ਬਾਰੇ ਦੱਸਦੇ ਹੋਏ ਕਈ ਉਦਾਹਰਣਾਂ ਦੁਆਰਾ ਇਹ ਸਚਾਈ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਕਿ ਕਿਸ ਤਰ੍ਹਾਂ ਇਸ ਭਾਵ ਨਾਲ ਸਬੰਧਾ ਵਿੱਚ ਸਵਰਗ ਆ ਜਾਂਦਾ ਹੈ। ਸ੍ਰੀਮਾਨ ਹਰਨਾਮ ਸਿੰਘ ਜੀ ਨੇ ਕਿਸ ਤਰ੍ਹਾਂ ਆਪਣੇ ਨੌਕਰ ਤੋਂ ਦੁੱਖ ਭਰੇ ਹਿਰਦੇ ਦੁਆਰਾ ਮਾਫੀ ਮੰਗੀ। ਉਹਨਾਂ ਦੇ ਬਿਆਨ ਦੁਆਰਾ ਸਭਾ ਬਹੁਤ ਪ੍ਰਭਾਵਸ਼ਾਲੀ ਬਣ ਰਹੀ ਸੀ। ਹਾਜਰੀਨ ਗੁਰੂ ਮਹਾਰਾਜ ਦੇ ਅਗੇ ਝੁਕਦੇ ਮਹਿਸੂਸ ਹੋ ਰਹੇ ਸਨ।

2 ਵਜੇ ਦੁਪਹਿਰ : ਇਹ ਸਭਾ ਸ੍ਰੀਮਾਨ ਬਲਦੇਵ ਸਿੰਘ ਜੀ ਨੇ ਕਰਵਾਈ ਜਿਸ ਵਿੱਚ ਉਨ੍ਹਾਂ ਦੱਸਿਆ ਧਰਮ ਹੈ ਚੰਗੇ ਬਣਨਾ। ਚੰਗੇ ਅਮਲਾਂ ਦੁਆਰਾ ਹੀ ਚੰਗਾ ਬਣਿਆ ਜਾ ਸਕਦਾ ਹੈ। ਸ਼ਿਸ਼ਟਾਚਾਰ ਤੇ ਸਭਾ ਕਰਾਉਦਿਆਂ ਸਭਾਪਤੀ ਜੀ ਨੇ ਭੌਤਿਕ ਜਗਤ ਦੇ ਅਸਤਿੱਤਾ ਪ੍ਰਤੀ ਸ਼ੁਭ ਅਮਲਾਂ ਤੇ ਬਹੁਤ ਕੀਮਤੀ ਰੋਸ਼ਨੀ ਪਾਈ। ਸਫਾਈ ਤਰਤੀਬ ਦੀ ਲੋੜ ਨੂੰ ਦੱਸਿਆ ਬਹੁਤ ਪ੍ਰਭਾਵਦਾਇਕ ਤੇ ਪ੍ਰੇਰਨਾਦਾਇਕ ਸਭਾ ਹੋਈ ਜਿਸ ਤੋਂ ਹਾਜਰੀਨ ਬਹੁਤ ਪ੍ਰਭਾਵਤ ਹੋਏ।

8.00 ਵਜੇ ਰਾਤ ਇਹ ਸਭਾ ਸ੍ਰੀਮਾਨ ਬਲਬਹਾਦੁਰ ਸਿੰਘ ਜੀ ਨੇ ਕਰਵਾਈ। ਇਸ ਵਿੱਚ ਮਨੁੱਖ ਦੀ ਸੁਖ ਅਨੁਰਾਗੀ ਪ੍ਰਕਿਰਤੀ ਤੇ ਚਾਨਣਾ ਪਾਇਆ ਗਿਆ। ਜਦੋਂ ਮਨੁੱਖ ਦੇ ਕਿਸੇ ਸੁੱਖ ਜਾਂ ਇੱਛਾ ਤੇ ਚੋਟ ਲਗਦੀ ਹੈ ਤਾਂ ਉਸ ਅੰਦਰ ਨੀਚ ਘ੍ਰਿਣਾ ਪੈਦਾ ਹੁੰਦੀ ਹੈ। ਉਸ ਨੀਚ ਘ੍ਰਿਨਾਂ ਤੋਂ ਬੜਾ ਅਨਰਥ ਹੁੰਦਾ ਹੈ। ਇਕ ਸ਼ਰਾਬੀ ਰਿਕਸ਼ਾ ਵਾਲੇ ਨੇ ਸਾਰਾ ਪਰਿਵਾਰ ਕਤਲ ਕਰ ਦਿੱਤਾ। ਇਕ ਬਹੁਤ ਵੱਡੇ ਡਾਕਟਰ ਨੇ ਇਕ ਲੜਕੀ ਦੇ ਮੂੰਹ ਤੇ ਤੇਜ਼ਾਬ ਪਾ ਦਿੱਤਾ ਪਰ ਖੁਦ ਜੇਲ ਦੀ ਹਵਾ ਖਾਣੀ ਪਈ। ਸਭਾਪਤੀ ਜੀ ਨੇ ਆਪਣੀ ਜਿੰਦਗੀ ਦੀਆਂ ਕਈ ਘਟਨਾਵਾਂ ਦੱਸੀਆਂ। ਦੇਵਆਤਮਾ ਦੀ ਰੋਸ਼ਨੀ ਨੇ ਖੌਫਨਾਕ ਅਵਸਥਾ ਦਿਖਾਈ ਤੇ ਉਸ ਵਿਚ ਹੈਰਾਨੀ

ਭਰਿਆ ਸ਼ੁਭ ਪਰਿਵਰਤਨ ਪੈਦਾ ਕੀਤਾ। ਉਸ ਤੋਂ ਬਾਅਦ ਸ੍ਰੀਮਾਨ ਬਲਦੇਵ ਸਿੰਘ ਜੀ ਨੇ ਬੜੀਆਂ ਸੁੰਦਰ ਘਟਨਾਵਾਂ ਦਾ ਵਰਨਣ ਕਰਕੇ ਸਭਾ ਨੂੰ ਬਹੁਤ ਪ੍ਰਭਾਵਸ਼ਾਲੀ ਬਣਾ ਦਿੱਤਾ। ਸ੍ਰੀਮਾਨ ਹਰਦੇਵ ਸਿੰਘ ਨੇ ਬੇਰਾਂ ਦਾ ਪ੍ਰਸ਼ਾਦ ਵੰਡਿਆ।

12 ਮਾਰਚ, 2005 ਸਵੇਰੇ 8.30 ਵਜੇ : ਸ੍ਰੀਮਾਨ ਬਲਬਹਾਦੁਰ ਸਿੰਘ ਜੀ ਨੇ ਇਹ ਸਭਾ ਕਰਤੱਗਤਾ ਦੇ ਵਿਸ਼ੇ ਤੇ ਕਰਵਾਈ। ਅਕ੍ਰਿਤੱਘਟਤਾ ਬਾਰੇ ਸੁੰਦਰ ਬਿਆਨ ਕੀਤਾ ਗਿਆ। ਇਸ ਦਾ ਮਹਾਂ ਘ੍ਰਿਣਤ ਰੂਪ ਪੇਸ਼ ਕੀਤਾ। 60 ਦੇ ਕਰੀਬ ਹਾਜਰੀਨ ਨੇ ਇਸ ਤੋਂ ਲਾਭ ਉਠਾਇਆ। ਦੇਵ ਆਤਮਾ ਨੇ ਆਪਣੇ ਪ੍ਰਭਾਵਾਂ ਦੁਆਰਾ ਅਨੇਕਾ ਜਨਾਂ ਨੂੰ ਅਕਿਰਤਘਣਤਾ ਦੇ ਮਹਾਂ ਪਾਪ ਨੂੰ ਦਿਖਾਇਆ ਹੈ ਅਤੇ ਉਨ੍ਹਾਂ ਨੂੰ ਆਪਣੇ ਉਪਕਾਰੀਆਂ ਪ੍ਰਤੀ ਸ਼ੁਕਰਗੁਜਾਰ ਬਣਾਇਆ ਹੈ। ਦੇਵ ਆਤਮਾ ਦੇ ਸੱਚੇ ਧਰਮ ਕਾਰਜ ਦਾ ਬਹੁਤ ਪ੍ਰਭਾਵ ਸ਼ਾਲੀ ਬਿਆਨ ਕੀਤਾ। ਕਈ ਸਰੋਤੇ ਅੱਖਾਂ ਵਿੱਚੋਂ ਪਾਕ ਅਥਰੂ ਬਹਾਉਣ ਲਈ ਮਜ਼ਬੂਰ ਹੁੰਦੇ ਰਹੇ।ਆਪਣੇ ਉਪਕਾਰੀ ਮਾਤਾ ਪਿਤਾ ਦੇ ਉਪਕਾਰੀ ਰੂਪ ਦਾ ਸਭਾਪਤੀ ਜੀ ਨੇ ਹਿਰਦੇ ਸਪਰਸ਼ੀ ਬਿਆਨ ਕੀਤਾ। ਸ੍ਰੀਮਾਨ ਬਲਦੇਵ ਸਿੰਘ ਜੀ ਨੇ ਵੀ ਆਪਣਾ ਬਿਆਨ ਕਰਕੇ ਇਸ ਸਭਾ ਨੂੰ ਹੋਰ ਜ਼ੋਰਦਾਰ ਬਣਾ ਦਿੱਤਾ। ਕਈ ਜਨਾਂ ਨੇ ਭਾਵ ਪ੍ਰਕਾਸ਼ ਕੀਤੇ ਜੋ ਇਸ ਪ੍ਰਕਾਰ ਹਨ।

ਸ਼੍ਰੀਮਾਨ ਬਲਦੇਵ ਸਿੰਘ ਜੀ ਮੱਲੇਕਾ : ਮੈਂ ਬਹੁਤ ਸਮਾਂ ਪਹਿਲਾਂ ਸਮਾਜ ਵਿੱਚ ਨਹੀਂ ਆ ਸਕਿਆ। ਇਸ ਦਾ ਬਹੁਤ ਘਾਟਾ ਮਹਿਸੂਸ ਹੁੰਦਾ ਹੈ। ਇਸ ਸੰਗਤ ਨਾਲ ਜੁੜ ਕੇ ਸਾਡਾ ਬਹੁਤ ਭਲਾ ਹੋਇਆ ਹੈ। ਸਾਡੇ ਪਰਿਵਾਰ ਵਿੱਚ ਬਹੁਤ ਸੁਧਾਰ ਹੋਇਆ ਹੈ ਅਤੇ ਅੱਗੇ ਹੋ ਰਿਹਾ ਹੈ। ਮੇਰੇ ਬੱਚੇ ਸਵੇਰੇ ਸਤਿ ਦੇਵ ਕੀ ਜੈ ਬੁਲਾਉਂਦੇ ਹਨ। ਵੱਡਿਆਂ ਦਾ ਸਨਮਾਨ ਆਦਰ ਕਰਦੇ ਹਨ। ਮੈਂ ਹੋਰ ਜਨਾਂ ਨੂੰ ਇਸ ਸੰਗਤ ਦਾ ਪਤਾ ਦਿੰਦਾ ਹਾਂ ਤੇ ਸਭਾ ਵਿੱਚ ਲੈ ਕੇ ਆਉਂਦਾ ਹਾਂ। ਸਮਾਜ ਦੇ ਕਰਮਚਾਰੀਆਂ ਦੀ ਕ੍ਰਿਪਾ ਮਹਿਸੂਸ ਹੁੰਦੀ ਹੈ ਜੋ ਸਾਡੀ ਖਾਤਰ ਏਨਾ ਕਸ਼ਟ ਕਰਦੇ ਤੇ ਏਥੇ ਪੁੱਜ ਕੇ ਸੰਗਰਾਮ ਕਰਦੇ ਹਨ।

ਸ਼੍ਰੀਮਾਨ ਹਰਦੇਵ ਸਿੰਘ ਜੀ : ਏਥੇ ਮੇਰੇ ਭਨੋਈ ਰਾਮ ਚੰਦਰ ਜੀ ਅਤੇ ਉਨ੍ਹਾਂ ਦੀ ਪਤਨੀ, ਮੇਰੀ ਭੈਣ ਜੀ ਬੈਠੇ ਹਨ। ਇਹ ਮੇਰੀ ਹਰ ਮੁਸ਼ਕਲ ਤੇ ਔਕੜ ਵਿੱਚ ਮੇਰਾ ਸਾਥ ਦਿੰਦੇ ਹਨ। ਇਨ੍ਹਾਂ ਦਾ ਮੈਨੂੰ ਵੱਡਾ ਸਹਾਰਾ ਹੈ। ਇਹ ਸਦਾ ਮੇਰਾ ਭਲਾ ਚਾਹੁੰਦੇ ਤੇ ਕਰਦੇ ਹਨ। ਇਨ੍ਹਾਂ ਦੇ ਮੇਰੇ ਉਤੇ ਬਹੁਤ ਉਪਕਾਰ ਹਨ। ਮੈਂ ਇਨ੍ਹਾਂ ਦਾ ਬਹੁਤ ਹੀ ਧੰਨਵਾਦੀ ਹਾ। ਇਨ੍ਹਾਂ ਦਾ ਉਪਕਾਰ ਬਹੁਤ ਹੀ ਮਹਿਸੂਸ ਹੋ ਰਿਹਾ ਹੈ। ਸ੍ਰੀਮਤੀ ..... ਜੀ (ਧਰਮ ਪਤਨੀ ਸ੍ਰੀਮਾਨ ਰਾਮ ਚੰਦਰ ਜੀ) ਸਾਡਾ ਇਸ ਸੰਗਤ ਨਾਲ ਜੁੜ ਕੇ ਬਹੁਤ ਭਲਾ ਹੋਇਆ ਹੈ। ਭਾਈ ਜੀਤ ਸਿੰਘ ਜੀ ਤੇ ਉਨ੍ਹਾਂ ਦੇ ਸਾਥੀ ਮੇਰੇ ਭਾਈ ਹਰਦੇਵ ਸਿੰਘ ਦਾ ਬਹੁਤ ਖਿਆਲ ਰਖਦੇ ਤੇ ਉਸਦਾ ਭਲਾ ਕਰਦੇ ਹਨ। ਸਾਡੇ ਸਬੰਧ ਬਹੁਤ ਵਿਗੜੇ ਹੋਏ ਸਨ। ਕੁਝ ਸਬੰਧੀ ਤਾਂ ਮਰਨ ਮਾਰਨ ਤੇ ਤਿਆਰ ਸਨ ਐਪਰ ਆਪਸ ਵਿੱਚ ਮਿਲਨ ਨੂੰ ਤਿਆਰ ਨਹੀਂ ਸਨ। ਅਸੀਂ ਸਾਰੇ ਸਬੰਧੀ ਫੇਰ ਇੱਕਠੇ ਹੋ ਗਏ ਹਾਂ। ਬੜਾ ਹੀ ਮੇਲ ਤੇ ਸੁਧਾਰ ਆਇਆ ਹੈ। ਅਸੀਂ ਸਭ ਭੈਣਾ ਫੇਰ ਇੱਕਠੀਆਂ ਹੋ ਗਈਆਂ ਹਾਂ ਤੇ ਮਿਲਣ ਜੁਲਣ ਲਗ ਪਏ ਹਾਂ। ਮੇਰੇ ਚਾਚਾ ਜੀ ਨਾਲ ਵੀ ਬਹੁਤ ਮੇਲ ਹੋ ਗਿਆ ਹੈ। ਇਹ ਸਭ ਗੁਰੂ ਜੀ ਦੀ ਇਸ ਸੰਗਤ ਦੇ ਸਦਕਾ ਹੈ।

ਜਸਵਿੰਦਰ ਸਿੰਘ ਸੇਖੋਂ : ਸ਼੍ਰੀਮਾਨ ਜੀ ਮੇਰਾ ਤਾਂ ਪਹਿਲਾਂ ਵਾਲਾ ਹਾਲ ਇਸ ਵਾਰੀ ਦੀਆਂ ਸਭਾਵਾਂ 'ਚ ਰਿਹਾ ਜਿਹੜੀਆਂ ਸਾਰੀਆਂ ਨਾ ਸੁਣੀਆਂ ਗਈਆਂ। ਪਰ ਰਾਤ ਦੀ ਲਾਸਟ ਸਭਾ ਵਿੱਚ ਤੁਸਾਂ ਦੀ ਮੇਹਨਤ ਤੇ ਗੁਰੂ ਦੀ ਕ੍ਰਿਪਾ ਨਾਲ ਕੁਝ ਕੁਝ ਹਿਲਜੁਲ ਜਰੂਰ ਹੋਈ ਹੈ। ਤੁਸੀਂ ਕਿਹਾ ਕਿ ਆਪਤੋਂ ਪਹਿਲਾ ਹੱਕ ਦੂਜੇ ਦਾ ਸਮਝੋ। ਸ਼੍ਰੀਮਾਨ ਜੀ ਦੂਜੇ ਬਾਰੇ ਤਾਂ ਸਵਾਲ ਫਿਰ ਪੈਦਾ ਹੋਵੇਗਾ ਅਜੇ ਤਾਂ ਸਾਡੇ ਕੋਲ, ਗੁਰੂ ਦੀ ਸੰਗਤ ਵਾਸਤੇ

Regd. Postal No.Pb (0049s) 2003
Regd. with Registrar News Paper No. 72258/88

ਖਾਲੀ ਟਾਈਮ, ਘੰਟਾ ਦੋ ਘੰਟੇ ਹੀ ਨਹੀਂ ਨਿਕਲਦੇ, ਸ੍ਰੀਮਾਨ ਜੀ! ਸਭਾਵਾਂ ਸੁਣਕੇ ਉਸਤੇ ਅਮਲ ਨਾ ਕਰਨਾ ਇਸ ਤੋਂ ਵੱਡੀ ਬਦਨਸੀਬੀ ਹੋਰ ਕੀ ਹੋ ਸਕਦੀ ਹੈ? ਸੋ ਸ੍ਰੀਮਾਨ ਜੀ! ਵਾਅਦਾ ਤਾਂ ਨਹੀਂ ਕਰਦਾ ਪਰ ਕੋਸ਼ਿਸ਼ ਜਰੂਰ ਕਰਾਂਗਾ ਕਿ ਅਗੇ ਤੋਂ ਕੋਈ ਸਭਾ ਨਾ ਛੁੱਟੇ। ਸ੍ਰੀਮਾਨ ਜੀ! ਥੋਡੀ ਚੰਗੀ ਸਿਹਤ ਦੀ ਕਾਮਨਾ ਕਰਦੇ ਹਾਂ। ਸ੍ਰੀਮਾਨ ਜੀ, ਸਾਡਾ ਭਲਾ ਥੋਡੇ ਨਾਲ ਹੀ ਜੁੜਿਆ ਹੋਇਆ ਹੈ। ਕਿਉਂਕਿ ਜੇ ਕਰ ਸਤਿਸੰਗ ਦੀ ਗੰਗਾ ਮਲੇਕਾਂ ਵਿਚ ਆ ਕੇ ਬਹਿੰਦੀ ਹੈ, ਨਹੀਂ ਤਾਂ ਏਥੇ ਕਿਸਨੇ ਆਉਣਾ ਹੈ। ਸ੍ਰੀਮਾਨ ਜੀ! ਅਸੀਂ ਥੋਨੂੰ ਬਣਦਾ ਸਨਮਾਨ ਵੀ ਨਹੀਂ ਦੇ ਸਕਦੇ ਉਸ ਲਈ ਮੁਆਫ ਕਰਨਾ।

ਉਸੇ ਦਿਨ ਦੁਪਹਿਰ ਨੂੰ 2 ਵਜੇ ਕੇਸੂਪੁਰ ਇਕ ਸਭਾ ਕੀਤੀ ਗਈ। ਇਹ ਸਭਾ ਸ੍ਰੀਮਾਨ ਬਲਦੇਵ ਸਿੰਘ ਜੀ ਨੇ ਕਰਾਈ। ਇਸ ਵਿੱਚ 60-65 ਦੀ ਹਾਜਰੀ ਹੋਵੇਗੀ। ਇਸ ਸਭਾ ਵਿੱਚ ਦੱਸਿਆ ਗਿਆ ਕਿ ਮਾਨਸ ਜਨਮ ਦੁਰਲਭ ਹੈ, ਇਸ ਨੂੰ ਅਜਿਹੇ ਲੇਖੇਲਾਉਣਾ ਚਾਹੀਦਾ ਹੈ, ਜਿਸ ਨਾਲ ਆਪਣਾ ਵੀ ਹਿਤ ਹੋਵੇ ਤੇ ਦੂਜਿਆਂ ਲਈ ਵੀ ਬੇਹਦ ਸੇਵਾਕਾਰੀ ਹੋਵੇ। ਇਸ ਵਿੱਚ ਆਦਰਸ਼ ਪੁਤਰ, ਆਦਰਸ਼ ਪੁਤਰੀ, ਆਦਰਸ਼ ਭਾਈ ਭੈਣ, ਆਦਰਸ਼ ਪਤੀ ਪਤਨੀ, ਆਦਰਸ਼ ਨੂੰਹ ਸਸ, ਦੇ ਦਿਲਾਂ ਨੂੰ ਹਿਲਾਉਣ ਵਾਲੇ ਸੱਚੇ ਦ੍ਰਿਸ਼ਟਾਂਤ ਸੁਨਾਏ ਗਏ। ਬਹੁਤ ਹੀ ਸੁੰਦਰ ਵਾਤਾਵਰਨ ਬਣਿਆ। ਕਈ ਜਨ ਤਾਂ ਹੰਝੂ ਬਹਾ ਰਹੇ ਸਨ। ਭਗਵਾਨ ਜੋ ਉਪ੍ਰੋਕਤ ਕਾਰਜ ਕਰ ਰਹੇ ਹਨ, ਉਨ੍ਹਾਂ ਅੱਗੇ ਝੁਕ ਰਹੇ ਸਨ।

ਇਸ ਸਭਾ ਵਿੱਚ ਕਰੀਬਨ ਸਭ ਹਾਜਰੀਨ ਦੇ ਦਿਲ ਹਿਲ ਗਏ ਸਨ। ਸਾਰੇ ਹੀ ਬਹੁਤ ਧੰਨਵਾਦ ਨਾਲ ਭਰ ਰਹੇ ਸਨ। ਸਭ ਨੂੰ ਹੀ ਇਸ ਨਿਰਾਲੀ ਸੰਗਤ ਦੀ ਮਹਾਨਤਾ ਮਹਿਸੂਸ ਹੋ ਰਹੀ ਸੀ ਤੇ ਉਹ ਗੁਰੂ ਜੀ ਅਗੇ ਝੁਕਣ ਲਈ ਬੇਬਸ ਹੋ ਰਹੇ ਸਨ।

ਇਸ ਸਤਿਸੰਗ ਦੀ ਆਖਰੀ ਸਭਾ ਰਾਤ ਨੂੰ 8 ਵਜੇ ਕੀਤੀ। ਇਸ ਵਿੱਚ 60-65 ਇਸਤਰੀ ਪੁਰਖ ਆ ਕੇ ਸ਼ਾਮਲ ਹੋਏ। ਇਸ ਵਿਚ ਦੱਸਿਆ ਗਿਆ ਕਿ ਜੇ ਕਰ ਮਨੁੱਖ ਇਹ ਗਲ ਹਿਰਦੇ ਵਿੱਚ ਉਤਾਰ ਲਵੇ ਤੇ ਉਸ ਤੇ ਅਮਲ ਕਰ ਲਏ ਤਾਂ ਕਾਫੀ ਮਾਤਰਾਂ ਧਰਮ ਵੀ ਆ ਜਾਂਦਾ ਹੈ। *Thy need is greater than mine* ਤੇਰੀ ਲੋੜ ਮੇਰੀ ਲੋੜ ਤੋਂ ਵੱਧ ਕੇ ਹੈ। ਇਸ ਤੇ ਅਮਲ ਕਰਨ ਵਾਲੇ ਵਿਅਕਤੀਆਂ ਦੇ ਦ੍ਰਿਸ਼ਟਾਂਤ ਦਿੱਤੇ ਗਏ। ਫੇਰ ਦੱਸਿਆ ਗਿਆ ਕਿ ਹਲੀਮੀ ਨਿਮਰਤਾ ਨੂੰ ਵੱਧ ਤੋਂ ਵੱਧ ਅਪਣਾਉਂਦਾ ਜਾਵੇ। ਇਨ੍ਹਾਂ ਦੋਨਾਂ ਗੱਲਾਂ ਦੇ ਹਿਰਦੇ ਗਰਾਹੀ ਬਨਾਉਣ ਨਾਲ ਮਨੁਖ 75-80 ਪ੍ਰਤੀਸ਼ਤ ਧਰਮ ਪ੍ਰਾਪਤ ਕਰ ਲੈਂਦਾ ਹੈ। ਆਖੀਰ ਵਿੱਚ ਸੁੰਦਰ ਲਾਲ ਜੀ ਤੇ ਰਾਮ ਚੰਦ ਜੀ ਨੇ ਸਾਰੀ ਸੰਗਤ ਵਿੱਚ ਆਪਣੇ ਬਚਿਆਂ ਦੀ ਸ਼ਾਦੀ ਦੀ ਖੁਸ਼ੀ ਲਈ ਲਡੂ ਵੰਡੇ। 900 ਰੁਪਏ ਦਾਨ ਪ੍ਰਾਪਤ ਹੋਇਆ 500 ਰੁਪਏ ਦਾਨ ਵਰਮਾ ਜੀ ਨੇ ਦਿੱਤਾ। ਕੁਲ 8 ਅਖਬਾਰ ਇਸ ਦੌਰੇ ਚ ਨਵੇਂ ਜਾਰੀ ਹੋਏ। ਗੁਰੂ ਮਹਾਰਾਜ ਦੀ ਜੈ ਧੁਨੀ ਨਾਲ ਇਹ ਪ੍ਰਭਾਵਸ਼ਾਲੀ ਸੰਗਤ ਸਮਾਪਤ ਹੋਈ।

(ਇੱਕ ਸੇਵਕ)

Printer, Publisher & Owned By Shriman Baldev Singh, House No. 3154, Sector 21-D, Chandigarh,
ਮੰਤਰੀ-ਦੇਵ-ਧਰਮ-ਮਿਸ਼ਨ ਨੇ Surya Laser Den, Chandigarh ਤੋਂ ਛਪਵਾਇਆ ਹੈ, ਐਡੀਟਰ ਬਲਦੇਵ ਸਿੰਘ।

Book Post